# ਵਤਨੋ ਦੂਰ



ਮਾਰਚ 1977; 50 ਸੈਂਟ; ਫ਼ੋਨ: 438-7793, 437-9014

ਸੰਪਾਦਕ ਸੁਰਿੰਦਰ ਧੰਜਲ

NEW ADDRESS: WATNO DUR, 14768 HALSTEAD PLACE, SURREY, B.C. V3R 6S5

GREAT SHOW OF WEDDING SAREES

# FRONTIER CLOTH HOUSE

*(Wholesalers, Retailers and Importers)*

*6672 MAIN STREET*
*VANCOUVER, B.C.*

Bus.: 325-4424
Res.: 324-5156

***We Have Quality As Well As Quantity!***

**SPECIALISTS IN:**
**India Suits, Sarees, Lehngas, Capes, Hars, and other Indian Goods.**

**Japanese printed and plain sarees and suits, British cardigans, shirts, ladies' suits and children's clothes.**

**HEAD OFFICE: NEW FRONTIER CLOTH HOUSE**
**PHAGWARA (PANJAB)**
**INDIA**

**Phone 2375**

Manager Vancouver Branch
SUSHIL BATRA

Phone: 325-4424

---

***WE CARRY THE FOLLOWING***

ਸਾਡੇ ਪਾਸੋਂ ਹੇਠ ਲਿਖੀਆਂ ਵਸਤਾਂ ਮਿਲਦੀਆਂ ਹਨ:

- **HAND BAGS**
- **LEATHER GOODS**
- **LUGGUGE, SILVER AND BRASS ARTWARE**
- **WOOD HANDICRAFT**
- **EAST INDIAN GROCERIES**
- **BEDROOM SUITES**
- **CHESTERFIELDS**
- **COFFEE TABLES**
- **KITCHENETTE SETS**



ਹੈਂਡ ਬੈਗਜ਼
ਚਮੜੇ ਦੀਆਂ ਵਸਤਾਂ
ਚਾਂਦੀ ਤੇ ਪਿੱਤਲ ਦੀਆਂ
ਕਲਾ-ਕਿਰਤਾਂ
ਲੱਕੜ ਦੀਆਂ ਕਿਰਤਾਂ

ਭਾਰਤੀ ਗਰੌਸਰੀ

ਬੈੱਡ ਰੂਮ ਸੁਈਟਸ
ਚੈਸਟਰਫੀਲਡਜ਼
ਕੌਫ਼ੀ ਟੇਬਲ
ਕਿਚਨੈੱਟ ਸੈੱਟਸ

## ਸਰਾਂ ਐਂਟਰਪਰਾਈਜ਼ਜ਼ ਲਿਮਿਟਡ

# SURAN ENTERPRISES LTD.

## IMPORTERS—RETAILERS

**33765 Essendene Ave.**

**Abbotsford, B.C.**

PROP.: JOGINDER SINGH SURAN    853-4971    Res.: 434-5933

# GRAND OPENING SALE

AT

# KINGSGATE FURNITURE SALES LTD.

**(HOUSE OF FURNITURE AND APPLIANCES)**

**104 KINGSGATE MALL**
**370 EAST BROADWAY VANCOUVER, B.C. V5T 4G5**

**PHONE: 874-2625**

***CUSTOMER SATISFACTION GUARANTEED***

**LOTS OF FREE PARKING**

---

**Autoplan**

## KINGSGATE INSURANCE AGENCIES

**104 KINGSGATE MALL**
**370 EAST BROADWAY VANCOUVER, B.C. V5T 4G5**



RIASAT ALI KHAN
Member M.D.R.T.
Residence: 873-1969

- ★ Auto Insurance & License
- ★ Fire, Theft & Liability
- ★ Life, Accident & Sickness
- ★ Annuities & Pension Plans
- ★ Registered Retirement Savings Plans



SARAJ KHAN
Residence: 873-1969

**FOR ALL YOUR INSURANCE NEEDS — KINGSGATE INSURANCE AGENCIES**

# Bus. Tel. 872-7827 or 874-2125

**OFFICE HOURS: Monday to Wednesday and Saturday 9 a.m. - 6 p.m.**
**Thursday - Friday 9 a.m. - 9 p.m.**

FOR DOMINION AUTOMOBILE ASSOCIATION DAA

MEMBERSHIP

CONTACT



DALJIT SIDHU

PHONE
Off: 872-7827
Res.: 324-2493

ਇਨਸ਼ੋਅਰੈਂਸ ਕਰਵਾਉਣ ਲਈ ਤੁਹਾਡੇ ਸਹਾਇਕ: ਰਿਆਸਤ ਅਲੀ ਖ਼ਾਨ, ਸਰਾਜ ਖ਼ਾਨ, ਦਲਜੀਤ ਸਿੱਧੂ

new address:

# WATNO DŪR

**14768 HALSTEAD PLACE**
**SURREY, B.C., V3R 6S5**

FOUNDER PUBLISHER:
Tara Singh Hayer (584-3714)
EDITOR:
Surinder Dhanjal (438-7793)
ASSISTANT EDITOR:
Sadhu (437-9014)

ਸਲਾਹਕਾਰ:
ਕੇਸਰ ਸਿੰਘ ਨਾਵਲਿਸਟ ਐਡਮੰਟਨ 932-5262
ਨਵਤੇਜ ਭਾਰਤੀ ਲੰਡਨ, ਓਨਟਾਰੀਓ 433-7464

ਸਹਿਯੋਗੀ:
ਅਜਮੇਰ ਰੋਡੇ ਵੈਨਕੂਵਰ 438-7793
ਇਕਬਾਲ ਰਾਮੂਵਾਲੀਆ ਟੋਰਾਂਟੋ 741-7536
ਨਾਟ ਤ੍ਰਿੰਡਰ ਐਡਮੰਟਨ 478-8436
ਸਰਵਣ ਬੋਲ ਬਰਨਬੀ 434-6498
ਦਲਜੀਤ ਤੂਰ ਵੈਨਕੂਵਰ 438-5660
ਰਮਜੀਤ ਧੁਆਣ ਵੈਨਕੂਵਰ 324-0147
ਗੁਰਚਰਨ ਟੱਲੇਵਾਲੀਆ ਰਿਚਮੰਡ 271-4742
ਕਸ਼ਮੀਰਾ ਸਿੰਘ ਚਾਹਲ ਕੈਲਗਰੀ 262-8307
ਅਮਰਜੀਤ ਚਾਹਲ ਸੁਕਾਮਿਸ਼ 892-3085
ਅਵਤਾਰ ਸਿੰਘ ਰੋਡੇ ਕੁਨੈਲ 992-7578
ਰਾਮ ਸਰੂਪ ਸਾਧੂ ਮੌਂਟਰੀਅਲ 679-8132
ਹਰਨੇਕ ਮਾਨ ਪ੍ਰਿੰਸ ਜੌਰਜ 564-6245
ਗੁਰਮੇਲ ਸਿੰਘ ਬੈਂਸ ਵਿਲੀਅਮਜ਼ ਲੇਕ 392-3698
ਜੋਗਿੰਦਰ ਔਲਖ ਮਿਸ਼ਨ 826-4888
ਜਸਬੀਰ ਚਾਹਲ ਵਿਕਟੋਰੀਆ 385-4966
ਰਾਜ ਸਿੰਘ ਮਾਨ ਵਿਨੀਪੈੱਗ 775-6876
ਬਲਬੀਰ ਧਾਲੀਵਾਲ ਬਰਨਬੀ 433-3487

VOLUME 5 S.NO.45
MARCH 1977
2ND CLASS MAIL REG. NO. 3233

## ਐਡੀਟੋਰੀਅਲ

ਅਸੀਂ 23 ਮਾਰਚ 1931 ਨੂੰ ਫਾਂਸੀ ਚੜ੍ਹਨ ਵਾਲੇ ਬਹਾਦੁਰ ਇਨਕਲਾਬੀਆਂ ਦੀ ਯਾਦ ਵਿੱਚ ਸਿਰ ਝੁਕਾਉਂਦੇ ਹੋਏ ਅਸੈਂਬਲੀ ਬੰਬ ਕੇਸ ਵਿੱਚ ਦਿੱਤੇ ਗਏ ਭਗਤ ਸਿੰਘ ਤੇ ਬੀ. ਕੇ. ਦੱਤ ਦੇ ਇਤਿਹਾਸਕ ਬਿਆਨ ਦੇ ਕੁਝ ਅੰਸ਼ ਪਾਠਕਾਂ ਨਾਲ ਸਾਂਝੇ ਕਰ ਰਹੇ ਹਾਂ:

ਸਭਿਅਤਾ ਦਾ ਇਹ ਮਹਾਨ ਢਾਂਚਾ ਜੇ ਵੇਲੇ ਸਿਰ ਨਾ ਸੰਭਾਲਿਆ ਗਿਆ ਤਾਂ ਢਹਿ ਢੇਰੀ ਹੋ ਜਾਵੇਗਾ। ਇਸ ਲਈ ਇਕ ਬੁਨਿਆਦੀ ਤਬਦੀਲੀ ਦੀ ਲੋੜ ਹੈ। ਸੋ ਇਕ ਬੁਨਿਆਦੀ ਤਬਦੀਲੀ ਅਤੇ ਜ਼ਰੂਰੀ ਹੈ ਤੇ ਜਿਹੜੇ ਇਸ ਗਲ ਨੂੰ ਮਹਿਸੂਸ ਕਰਦੇ ਹਨ ਉਨ੍ਹਾਂ ਦਾ ਫਰਜ਼ ਹੈ ਕਿ ਸਮਾਜਵਾਦ ਤੇ ਅਧਾਰਿਤ ਸਮਾਜ ਦਾ ਪੁਨਰ ਨਿਰਮਾਣ ਕਰਨ। ਜਦ ਤਕ ਇਹ ਨਹੀਂ ਕੀਤਾ ਜਾਂਦਾ ਅਤੇ ਜਦੋਂ ਤਕ ਮਨੁਖ ਦੇ ਹੱਥੀਂ ਮਨੁੱਖ ਦੀ ਅਤੇ ਕੌਮਾਂ ਰਾਹੀਂ ਕੌਮਾਂ ਦੀ ਲੁਟ ਦਾ ਖਾਤਮਾ ਨਾ ਕੀਤਾ ਗਿਆ ਤਾਂ ਮਨੁੱਖਤਾ ਦੇ ਸਿਰ ਉਤੇ ਮੰਡਲਾ ਰਹੇ ਦੁਖਾਂਤ ਅਤੇ ਖੂਨ ਖਰਾਬੇ ਨੂੰ ਰੋਕਿਆ ਨਹੀਂ ਜਾ ਸਕੇਗਾ। ਜੰਗ ਦਾ ਅੰਤ ਕਰਨ ਅਤੇ ਸੰਸਾਰ ਅਮਨ ਦੇ ਯੁਗ ਦਾ ਮੁਢ ਬੰਨ੍ਹਣ ਦੀਆਂ ਸਾਰੀਆਂ ਗੱਲਾਂ ਪਾਖੰਡ ਤੋਂ ਬਿਨਾਂ ਕੁਝ ਨਹੀਂ ਹਨ। ਇਨਕਲਾਬ ਤੋਂ ਸਾਡਾ ਭਾਵ ਅੰਤ ਇਕ ਐਸੀ ਵਿਵਸਥਾ ਨੂੰ ਕਾਇਮ ਕਰਨਾ ਹੈ ਜਿਸ ਨੂੰ ਇਸ ਤਰ੍ਹਾਂ ਚਕਨਾਚੂਰ ਹੋਣ ਦਾ ਖਤਰਾ ਨਾ ਹੋਵੇ ਅਤੇ ਜਿਸ ਵਿਚ ਕਿਰਤੀ ਮਜ਼ਦੂਰ ਵਰਗ ਦੀ ਸਰਦਾਰੀ ਨੂੰ ਮੰਨਿਆ ਜਾਵੇ ਅਤੇ ਇਕ ਵਿਸ਼ਵ ਸੰਗਠਨ ਰਾਹੀਂ ਮਨੁੱਖਤਾ ਨੂੰ ਪੂੰਜੀਵਾਦ ਦੇ ਬੰਧਨਾਂ ਤੋਂ ਅਤੇ ਸਾਮਰਾਜੀ ਜੰਗਾਂ ਦੀ ਤਬਾਹੀ ਤੋਂ ਹਿੰਮਤ ਕਰਕੇ ਆਜ਼ਾਦ ਕਰਵਾਇਆ ਜਾਵੇਗਾ।

ਇਸ ਅੰਕ ਤੋਂ ਸ਼ੁਰੂ ਕੀਤੇ ਜਾ ਰਹੇ ਕਾਲਮ 'ਪਾਠਕਾਂ ਦਾ ਪੰਨਾ' ਵਿੱਚ ਅਸੀਂ ਪਾਠਕਾਂ ਦੇ ਵਤਨੋਂ ਦੂਰ ਦੀ ਕਲਾ ਪੱਧਰ ਬਾਰੇ ਵਿਚਾਰ ਛਾਪਿਆ ਕਰਾਂਗੇ। ਅਸੀਂ ਪਾਠਕਾਂ ਤੋਂ ਗੰਭੀਰ ਤੇ ਸੁਹਿਰਦ ਵਿਚਾਰ-ਪਾਰਦਰਸ਼ਨੀ ਦੀ ਮੰਗ ਕਰਦੇ ਹਾਂ।

– ਸੁਰਿੰਦਰ ਧੰਜਲ

# ਓਮ ਪ੍ਰਕਾਸ਼ ਸ਼ਰਮਾ

ਪੰਜਾਬੀ ਦਾ ਪ੍ਰਭਾਵਸ਼ਾਲੀ ਕ੍ਰਾਂਤੀਕਾਰੀ ਕਵੀ ਓਮ ਪ੍ਰਕਾਸ਼ ਸ਼ਰਮਾ ਜਨਵਰੀ 1977 ਵਿੱਚ ਲੰਬੀ ਬੀਮਾਰੀ ਤੋਂ ਬਾਅਦ ਸਾਡੇ ਵਿਚਕਾਰ ਨਹੀਂ ਰਿਹਾ।

ਓਮ ਦਾ ਪਹਿਲਾ ਕਾਵਿ ਸੰਗ੍ਰਹਿ 'ਲੱਪ ਕਿਰਨਾਂ ਦੀ' 1974 ਵਿੱਚ ਛਪਿਆ ਸੀ ਜਿਸ ਦੇ ਆਰੰਭ ਵਿੱਚ ਉਸਨੇ ਆਪਣੀ ਕਵਿਤਾ ਬਾਰੇ ਯਾਦਗਾਰੀ ਸਤਰਾਂ ਲਿਖੀਆਂ:

> "ਮੇਰੇ ਸਾਹਮਣੇ ਮਖੌਟੇ ਹੀ ਮਖੌਟੇ ਹਨ। ਕਿਸੇ ਤੇ 'ਆਜ਼ਾਦੀ' ਲਿਖਿਆ ਹੈ; ਕਿਸੇ ਤੇ 'ਸ਼ਾਂਤੀ' ਲਿਖਿਆ ਹੈ; ਕਿਸੇ ਤੇ 'ਅਹਿੰਸਾ' ਲਿਖਿਆ ਹੈ; ਕਿਸੇ ਤੇ 'ਸਮਾਜਵਾਦ' ਲਿਖਿਆ ਹੈ; ਕਿਸੇ ਤੇ ਰਾਸ਼ਟਰ ਲਿਖਿਆ ਹੈ।
> ਮੇਰੇ ਪਾਸ ਇਕ ਬਲੇਡ ਹੈ ਜੋ ਲਹਿੰਦੇ ਬੀਨਿਓਂ ਬਣਕੇ ਆਇਆ ਹੈ। ਤੇ ਮੇਰਾ ਕੰਮ ਹੈ ਮਖੌਟੇ ਪਾੜਨਾ।
> ਬੱਸ, ਇਹੀ ਮੇਰੀ ਕਵਿਤਾ ਹੈ।"

ਓਮ, ਪੇਂਡੂ ਸਾਹਿਤ ਸਭਾ ਕੁੱਸਾ (ਫ਼ਰੀਦਕੋਟ) ਦੇ ਮੋਢੀਆਂ ਵਿੱਚੋਂ ਇਕ ਸੀ। ਸਭਾ ਵੱਲੋਂ ਉਸਨੇ ਦੋ ਹੋਰ ਲੇਖਕਾਂ ਦੇ ਸਹਿਯੋਗ ਨਾਲ 74 ਵਿੱਚ ਪੰਜਾਬੀ ਦੇ ਕ੍ਰਾਂਤੀਕਾਰੀ ਲੋਕ ਗੀਤਾਂ ਦਾ ਪਹਿਲਾ ਸੰਗ੍ਰਹਿ 'ਪਗੜੀ ਸੰਭਾਲ ਜੱਟਾ' ਸੰਪਾਦਿਤ ਕੀਤਾ ਅਤੇ ਇਨ੍ਹਾਂ ਲੋਕ ਗੀਤਾਂ ਵਿੱਚ ਤਰਜ਼ ਦੀ ਸਮੱਸਿਆ ਤੇ ਪਹਿਲੀ ਵਾਰ ਮਹੱਤਵ-ਪੂਰਨ ਨੁਕਤੇ ਪੇਸ਼ ਕੀਤੇ। ਉਸਦੀ ਨਿਗਰਾਨੀ ਹੇਠ ਹੀ ਇਕ ਪੈਂਫਲਿਟ 'ਅਕਸ' ਵੀ ਪੈਦਾ ਹੋਇਆ ਸੀ।

1964 ਵਿੱਚ ਵਿਦਿਆਰਥੀ ਜੀਵਨ ਸਮੇਂ ਉਸ ਨਾਲ ਹੋਈਆਂ ਮਾਸੂਮ ਜਿਹੀਆਂ ਮੁਲਾਕਾਤਾਂ ਹੁਣ ਤਾਂ ਕਦੇ ਵੀ ਨਹੀਂ ਭੁੱਲਣੀਆਂ। ਭਰੇ ਮਨ ਨਾਲ 'ਲੱਪ ਕਿਰਨਾਂ ਦੀ' ਵਿੱਚੋਂ ਤਿੰਨ ਕਵਿਤਾਵਾਂ ਪੇਸ਼ ਹਨ।

– ਸੁਰਿੰਦਰ ਧੰਜਲ

## 1. ਸ਼ਹੀਦਾਂ ਦਾ ਸੰਦੇਸ਼

ਤੂੰ ਗ਼ਮ ਨਾ ਕਰੀਂ ਮਾਂ
ਅਸੀਂ ਮਰੇ ਨਹੀਂ ਹਾਂ
ਅਸੀਂ ਤਾਂ ਇਕ ਸੰਦੇਸ਼ ਬਣਕੇ
ਹਵਾ 'ਚ ਘੁਲ ਗਏ ਹਾਂ
ਸਦੀਆਂ ਤੋਂ ਸੁੱਤੇ ਕੁੰਭਕਰਨਾਂ ਦੇ ਕੰਨਾਂ 'ਚ
ਢੋਲ ਵਜਾਉਣ ਤੁਰ ਪਏ ਹਾਂ
ਮਾਂ ਅਸੀਂ ਸ਼ਾਂਤੀ ਦਾ ਘੁੰਡ ਚੁੱਕਿਆ ਹੈ
ਤਾਂ ਵਿੱਚੋਂ ਡੈਣ ਨਿਕਲੀ ਹੈ
ਜਾਨ ਤਾਂ ਅਸੀਂ
ਮੂੰਹ ਦਿਖਾਈ 'ਚ ਦੇ ਚੱਲੇ ਹਾਂ
ਤੂੰ ਸਾਡਾ ਮੁੱਲ ਨਾ ਲਵੀਂ ਮਾਂ
ਅਸੀਂ ਵਿਕੇ ਨਹੀਂ ਹਾਂ
ਅਸੀਂ ਤਾਂ ਸਗੋਂ
ਹਕੀਕਤ ਦੀ ਪ੍ਰਦਰਸ਼ਨੀ ਦਾ
ਮੁੱਲ ਚੁਕਾ ਚੱਲੇ ਹਾਂ
ਅਜੇ ਤਾਂ ਬਹੁਤ ਤਲਖ਼ ਸਚਾਈਆਂ ਸਨ
ਜਿਨ੍ਹਾਂ ਲਈ ਹੋਰ ਮੁੱਲ ਦੇਣਾ ਹੈ
ਰਾਤ ਦੇ ਹਨੇਰੇ 'ਚ
ਅਜੇ ਤਾਂ ਕਈ ਕੁੱਝ ਨਹੀਂ ਦਿਸਦਾ
'ਪੰਚਸ਼ੀਲ' ਬਹੁਤ ਵਾਰ ਕੰਧ ਟੱਪਦਾ ਹੈ
'ਬਾਪੂ' ਸ਼ਾਂਤੀ ਪੂਰਬਕ ਹੀ
ਭਗਤ ਨੂੰ ਮਾਰ ਦਿੰਦਾ ਹੈ
ਜਾਗਦੇ ਛਾਪਲ ਜਾਂਦੇ ਹਨ
ਤੇ ਸੁੱਤਿਆਂ ਨੂੰ ਨਜ਼ਰ ਨਹੀਂ ਪੈਂਦਾ
ਤੇ ਅਸੀਂ ਅੱਜ
ਸੁੱਤਿਆਂ ਨੂੰ ਜਗਾਉਣ ਚਲੇ ਹਾਂ
ਜਾਗਦਿਆਂ ਨੂੰ ਲਾਹਣਤ ਪਾਉਣ ਚੱਲੇ ਹਾਂ
ਅਸੀਂ ਮਰੇ ਨਹੀਂ ਹਾਂ
ਫੇ ਤੂੰ ਗ਼ਮ ਨਾ ਕਰੀਂ ਮਾਂ

ਹਾਂ ਤੁਸੀਂ ?

ਅਸੀਂ ਕਾਰਾਂ ਦੇ ਸਿਰਜਣਹਾਰੇ
ਪਰ ਸੜਕ ਦੇ ਧੂੜ ਫੱਕੇ
ਪੈਦਲ ਚਲਦੇ ਹਾਂ
ਸਾਡੇ ਹੱਥਾਂ ਫਰਿੱਜ ਬਣਾਏ ਨੇ
ਸਾਡੇ ਹੱਥਾਂ ਤੇ ਬਾਸੀ ਰੋਟੀ ਹੈ......

ਮੈਂ ਸਮਝ ਗਿਆ
ਇੱਕ ਕਤਾਰ ਵਿਚ ਖੜ ਜਾਓ

ਤੇ ਤੁਸੀਂ ?

2.
ਇੱਕ
ਕਤਾਰ
ਵਿੱਚ

ਅਸੀਂ ਸਫਾਈ ਕਰਦੇ ਹਾਂ
ਖੁਦ ਕੂੜੇ ਵਰਗੇ ਹਾਂ
ਸਾਨੂੰ ਦੇਖਕੇ ਨੱਕ ਚੜ੍ਹਦੇ ਹਨ
ਪੱਲੇ ਜੂਠ ਪੈਂਦੀ ਹੈ.........

ਮੈਂ ਸਮਝ ਗਿਆ
ਇਸੇ ਕਤਾਰ ਵਿਚ ਖੜ ਜਾਓ

ਹਾਂ ਤੁਸੀਂ ?

ਅਸੀਂ ਖੇਤਾਂ ਵਿਚ ਹਰੇ ਇਨਕਲਾਬ ਕੀਤੇ ਹਨ
ਚਿਹਰਿਆਂ ਤੇ ਪੀਲੇ ਇਨਕਲਾਬ ਹੋਏ ਹਨ
ਵਿਹੜਿਆਂ ਵਿਚ ਭੰਗ ਭੁਜਦੀ ਹੈ
ਹਾੜ੍ਹਾਂ ਵਿਚ ਹਾੜ੍ਹ ਹੰਢਾਉਂਦੇ ਹਾਂ
ਸਿਆਲਾਂ ਵਿਚ ਸਿਆਲ ਹੰਢਾਉਂਦੇ ਹਾਂ

ਬਸ ਬਸ.........ਸਮਝ ਗਿਆ
ਇਸੇ ਕਤਾਰ ਵਿਚ ਖੜ ਜਾਓ

ਤੇ ਤੁਸੀਂ ?

ਅਸੀਂ ਭਾਰਤ ਮਾਂ ਦੇ ਰਖਵਾਲੇ...
ਕਿਸ ਬਣਾਏ ?
—ਭੁੱਖ ਨੰਗ ਨੇ...
ਤੇ ਤੁਹਾਡੀ ਮਾਂ ?
—ਪਈ ਭਾਂਡੇ ਮਾਂਜੇ
ਲੀਰਾਂ ਗੰਢੇ...
ਤੇ ਤੁਹਾਥੋਂ ਬਾਦ ?
—ਪੰਦਰ੍ਹਾਂ ਰੁਪਏ ਪੈਨਸ਼ਨ
ਸਾਡੀ ਮਾਂ ਦੀ ਰਾਖੀ ਕਰੇਗੀ

ਬੱਸ ਤੁਸੀਂ ਵੀ
ਇਸੇ ਕਤਾਰ ਵਿਚ ਖੜ ਜਾਓ

ਹਾਂ ਤੁਸੀਂ ?

ਅਸੀਂ ਬੁੱਧੀ-ਜੀਵੀ
ਰੋਟੀ ਤਾਂ ਮਿਲਦੀ
ਪਰ ਹੱਥ ਬੰਨ੍ਹ ਕੇ
ਹਾੜੇ ਕਢਾ ਕੇ
ਸੱਚ ਦਬਾਕੇ ਤੇ ਝੂਠ ਬੁਲਾਕੇ

ਫਿਰ ਤਾਂ ਤੁਸੀਂ ਵੀ
ਇਸੇ ਕਤਾਰ ਵਿਚ ਖੜ ਜਾਓ
ਜਕਦੇ ਕਿਉਂ ਹੋ ?...
ਅੱਛਾ... ਸੋਚ ਲਵੋ... ਫਿਰ ਆ ਜਾਣਾ

ਹੁਣ ਦਸੋ ਤੁਸੀਂ ?
ਤੇ ਇਹ ਫਾਈਲਾਂ ?

ਅਸੀ ਬੀ. ਏ. ਕੀਤੀ
ਅਸੀਂ ਐਮ. ਏ. ਕੀਤੀ
ਇੰਜਨੀਅਰਿੰਗ ਕੀਤੀ
ਆਹ ਕਾਗਜ਼ਾਂ ਦਾ ਥੱਬਾ
ਸਾਡੇ ਹਿੱਸੇ ਆਇਆ
ਰੁਜ਼ਗਾਰ ਦਫਤਰ ਵਿਚ
ਜਾਈਏ ਮੁੜ ਆਈਏ
ਮਾਂ ਗਹਿਣੇ ਵੇਚੇ
ਪਿਓ ਕਰਜ਼ੇ ਚੁੱਕੇ
ਬੱਸ ਹੋਰ ਕੀ ਕਹੀਏ !
ਇਕ ਮਰਨ ਨਹੀਂ ਹੁੰਦਾ

ਤੁਹਾਡਾ ਹੀ ਇੰਤਜ਼ਾਰ ਸੀ
ਤੁਸੀਂ ਵੀ ਇਕ ਇਕ ਕਰਕੇ
ਇਸੇ ਕਤਾਰ ਵਿਚ ਲੱਗ ਜਾਓ
ਤੁਹਾਨੂੰ ਸਭ ਨੂੰ ਇਕ ਹੀ ਰੋਗ ਹੈ
ਸਭ ਦੇ ਸਰੀਰਾਂ 'ਚ ਉਹੀ ਰੋਗਾਣੂ
ਤੇ ਮੈਂ ਵੀ ਕੋਈ ਵੈਦ ਨਹੀਂ ਹਾਂ
ਸਗੋਂ ਮਰੀਜ਼ ਹਾਂ ਇਸੇ ਮਰਜ਼ ਦਾ

ਆਓ ਫਿਰ ਅੱਗੇ ਵਧੀਏ
ਸ਼ੱਤਰੂ ਨੂੰ ਲੱਭੀਏ
ਹੱਥਾਂ 'ਚ ਕੁਝ ਲੈ ਕੇ ਚੱਲੀਏ
ਤੇ ਮੈਂ ਵੀ
ਇਸੇ ਕਤਾਰ 'ਚ ਲੱਗ ਜਾਂਦਾ ਹਾਂ

3.

## ਓਮ ਦੀ ਗੱਲ

ਸਾਡੇ ਵਿਹੜੇ ਵਿਚ ਲੱਗੇ
ਕੂੜੇ ਦੇ ਢੇਰ ਤੇ
ਬੈਠੇ ਮੱਖੀਆ ਦੇ ਇਜਲਾਸ ਨੇ
ਇਕ ਮਤਾ ਪਾਸ ਕੀਤਾ ਹੈ
ਕਿ 'ਓਮ' ਦੀ ਬੁੱਧ ਫਿਰ ਗਈ ਹੈ

ਸਾਡੇ ਕੋਲੇ ਨਾਲ ਲਟਕਦਾ ਛਿਉਰ
ਮੇਰੇ ਤੇ ਖਿੜ ਖਿੜਾ ਕੇ ਹੱਸਦਾ ਹੈ
ਤੇ ਕਹਿੰਦਾ ਹੈ :
ਮੈਂ ਤਾਂ ਡਿੱਗ ਹੀ ਸਕਦਾ ਹਾਂ
ਸ਼ਾਇਦ ਉਠ ਦਾ ਬੁਲ੍ਹ ਵੀ ਡਿੱਗ ਜਾਏ
ਪਰ ਮਹਿਲਾਂ ਤੋਂ ਲੈ ਆਇਐਂ ਜੋ
ਸ਼ਹਿਜ਼ਾਦੀ ਦੀ ਤਸਵੀਰ
ਇਹ ਤਾਂ ਕੰਧ ਤੇ ਹੀ ਲਟਕ ਸਕਦੀ ਹੈ
ਕੁੜੀ ਨਹੀਂ ਬਣ ਸਕਦੀ
ਕੋਲੇ ਨਹੀਂ ਲਿੱਪ ਸਕਦੀ
ਚੋਏ ਨਹੀਂ ਮੁੰਦ ਸਕਦੀ

ਮੈਂ ਦਾਤੀ ਚੁੱਕ ਖੇਤ ਨੂੰ ਤੁਰਿਆ ਹਾਂ
ਬੜਾ ਸ਼ਰਾਰਤੀ ਹੈ ਸਾਡੇ ਪਹੇ ਦਾ ਭੱਖੜਾ
ਜੁੱਤੀ ਦੀ ਵਿਰਲ ਥਾਣੀਂ ਚੂੰਢੀ ਵੱਢ ਗਿਆ ਹੈ
ਤੇ ਕਹਿੰਦਾ ਹੈ :
ਤੂੰ ਮੇਰਾ ਗੁੱਸਾ ਨਹੀਂ ਕਰਦਾ
ਬੜੀ ਪੁਰਾਣੀ ਯਾਰੀ ਏ
ਪਰ ਉਹ ਵਿਛੀਆਂ ਦਰੀਆਂ ਤੇ ਚੱਲਣ ਵਾਲੀ ਸ਼ਹਿਜ਼ਾਦੀ
ਭੱਖੜੇ ਨੂੰ ਦਿਉਰ ਕਿਉਂ ਆਖੇਗੀ ?
ਚੂੰਢੀਆਂ ਕਿਉਂ ਸਹਾਰੇਗੀ ?

ਕਦੇ ਕਦੇ ਮਾਂ ਦੇ ਚੌਂਕੇ ਵਿਚ ਬਹਿਕੇ
ਮੈਂ ਯਾਦਾਂ 'ਚੋਂ ਮਾਨਣ ਲੱਗਦਾ ਹਾਂ
ਤੇਰੇ ਸੰਗ ਬਹਿਕੇ ਭਰੇ ਦੋ ਕਾਫੀ ਦੇ ਘੁੱਟ
ਪਰ ਮੇਰੀ ਖਿੱਲੀ ਉਡਾ ਦਿੰਦੇ ਨੇ
ਸਾਡੀ ਟੋਕਰੀ 'ਚ ਪਏ ਤਿੜਕੇ ਗਲਾਸ
ਸਾਡੇ ਚੁਲ੍ਹੇ ਤੇ ਪਈ ਬੋੜੀ ਪਤੀਲੀ
ਤੇ ਭੜੋਲੀ ਦੇ ਥੱਲੇ ਨਾਂ ਲੱਗਿਆ
ਪਤ ਝੜੀ ਵਾਲਾ ਗੁੜ

ਮੈਂ ਤਾਂ ਸੁਭਾਵਕ ਹੀ ਛੋੜ ਬਹਿੰਦਾ ਹਾਂ ਤੇਰੀ ਗੱਲ
ਪਰ ਸੁਣਕੇ ਹੱਸ ਪੈਂਦੇ ਨੇ
ਰੁਲਦੂ ਮਜ਼੍ਹਬੀ ਤੇ ਗੇਖਾ ਨਾਈ
ਨਿਆਮਤ ਝੇਲਣ ਤੇ ਕੇਹਰੂ ਰਾਈ

ਸੱਚ ਜਾਣੀ...ਮੇਰੇ ਮਹਿਬੂਬ !
ਮੈਨੂੰ ਬਾਂ ਬੜਾ ਭਰੋਸਾ ਹੈ ਤੇਰੇ ਵੈੱਲ-ਬਾਟਮ ਤੇ
ਪਰ ਅਲੇਹਿਆਂ ਤੇ ਪੱਲ੍ਹੀਆਂ ਦੇ ਤਿੱਖੜੇ ਮਖੌਲ
ਮੇਰਾ ਵਿਸ਼ਵਾਸ਼ ਤੋੜ ਜਾਂਦੇ ਨੇ

ਤੇ ਮੈਂ ਝੂਠ ਤਾਂ ਨਹੀਂ ਕਹਿੰਦਾ
ਕਿ ਸਾਡੇ ਵਿਹੜੇ ਵਿਚ ਲੱਗੇ ਕੂੜੇ ਦੇ ਢੇਰ ਤੇ
ਬੈਠੇ ਮੱਖੀਆਂ ਦੇ ਇਜਲਾਸ ਨੇ
ਇਕ ਮਤਾ ਪਾਸ ਕੀਤਾ ਹੈ
ਕਿ 'ਓਮ' ਦੀ ਬੁੱਧ ਫਿਰ ਗਈ ਹੈ।


ਪੰਜਾਬ ਕਲਚਰਲ ਐਸੋਸੀਏਸ਼ਨ ਵੈਨਕੂਵਰ

**PANJAB CULTURAL ASSOCIATION**
Vancouver, B. C., Canada

ਨਵੰਬਰ 1972 ਵਿੱਚ ਜਨਮੀ ਪੰਜਾਬ ਕਲਚਰਲ ਐਸੋਸੀਏਸ਼ਨ ਵੈਨਕੂਵਰ ਦੀ ਮੁਖ ਸਰਗਰਮੀ ਪੰਜਾਬ ਦੇ ਵਿਲਖਸ਼ ਲੋਕ-ਨਾਚ ਭੰਗੜੇ ਦੀ ਪਰਦਰਸ਼ਨੀ ਹੈ। ਹੁਣ ਤੱਕ ਐਸੋਸੀਏਸ਼ਨ ਨੇ ਸਪੋਕੇਨ ਦੇ ਵਿਸ਼ਵ-ਮੇਲੇ, ਮੌਂਟਰੀਅਲ ਦੀਆਂ ਉਲੰਪਿਕ ਖੇਡਾਂ ਅਤੇ CBC ਟੈਲੀਵਿਜਨ ਤੋਂ ਬਿਨਾਂ ਬੀ.ਸੀ. ਲਗਭੱਗ ਸਾਰੇ ਵੱਡੇ ਸ਼ਹਿਰਾਂ ਵਿੱਚ ਭੰਗੜਾ ਪੇਸ਼ ਕਰਕੇ ਕੈਨੇਡਾ ਵਿੱਚ ਪੰਜਾਬੀ ਸੱਭਿਆਚਾਰ ਦਾ ਗੌਰਵ ਵਧਾਉਣ ਵਿੱਚ ਉਘਾ ਯੋਗਦਾਨ ਪਾਇਆ ਹੈ। ਐਸੋਸੀਏਸ਼ਨ ਵੱਲੋਂ ਉਨ੍ਹਾਂ ਯੁਵਕਾਂ ਨੂੰ ਖੁੱਲਾ ਸੱਦਾ-ਪੱਤਰ ਦਿਤਾ ਜਾਂਦਾ ਹੈ ਜਿਹੜਾ ਭੰਗੜਾ ਪਾ ਸਕਦੇ ਹੋਣ ਜਾਂ ਭੰਗੜਾ ਸਿੱਖਣ ਵਿੱਚ ਡੂੰਘੀ ਦਿਲਚਸਪੀ ਰਖਦੇ ਹੋਣ।

ਪਾਲ ਚਿਨਿੰਗ (879-9669)   ਰਘੁਬੀਰ (325-9564)

## ਗੀਤ

ਗੁਰਦਾਸ ਰਾਮ 'ਆਲਮ'
(ਭਾਰਤ)

ਸੁੱਕਾ ਸਾਣਾ ਸਉਣ ਲੰਘਿਆ, ਮੀਂਹ ਮੀਂਹ ਦੀ ਰੁੱਤੇ ਵੀ ਨਾ ਆਇਆ ।
ਅੱਖਾਂ ਤੇ ਘਸੁੰਨ ਰੱਖ ਕੇ, ਸਾਰਾ ਜੱਗ ਤੜਫੇ ਤ੍ਰਿਹਾਇਆ ।

ਪੀਂਘਾਂ ਦੀ ਪੁਰਾਣੀ ਗੱਲ ਹੈ, ਅਜ ਕੀਮਤਾਂ ਅਰਸ਼ ਉਤੇ ਚੜ੍ਹੀਆਂ ।
ਪੱਲੇ ਹੱਥੀਂ ਗੱਡੀਵਾਨ ਤੋਂ, ਵਾਗਾਂ ਰਹੀਆਂ ਨਾ ਮੰਗ੍ਹਾਈ ਦੀਆਂ ਫੜੀਆਂ ।
ਸੁੱਕੀਆਂ ਕਰੂੰਬਲਾਂ ਉਤੇ, ਛੱਕਾ ਸੋਸ਼ਲਿਜ਼ਮ ਛਿੜਕਾਇਆ ।

ਬਾਗਾਂ ਵਿਚ ਉੱਲੂ ਬੋਲਦੇ, ਕਿਤੇ ਕੋਇਲ ਕੋਈ ਨਜ਼ਰ ਨਾ ਆਵੇ ।
ਮਾਲੀ ਸਾਡਾ ਏਨਾ ਜ਼ਿਦੀਆ, ਪੱਤਝੜ ਨੂੰ ਬਹਾਰ ਸਦਾਵੇ ।
ਤੰਗ ਆ ਕੇ ਚੀਜ਼ ਵਹੁਟੀਆਂ, ਤਾਹੀਓਂ ਅੱਕ ਨੂੰ ਮਹਿਬੂਬ ਬਣਾਇਆ ।

ਦੁੱਧ 'ਚੋਂ ਸਫੈਦੀ ਮੁੱਕ ਗਈ, ਗਈਆਂ ਘਿਓ ਦੇ ਵਿਚੋਂ ਥੰਧਿਆਈਆਂ ।
ਤ੍ਰਿੰਜਣੀਂ ਉਜਾੜ ਪੈ ਗਈ, ਸਈਆਂ ਚਰਖੇ ਡਾਹੁਣ ਵੀ ਨਾ ਆਈਆਂ ।
ਧੁੱਪ ਵਿਚ ਤੀਆਂ ਤੋਰ ਕੇ, ਰੋ ਰੋ ਭੇਰਿਆਂ ਨੇ ਰੂਪ ਗੁਆਇਆ ।

ਇੱਜ਼ਤਾਂ ਦਾ ਮੁੱਲ ਤਾਰਕੇ, ਨਹੀਂ ਲੱਭਦੇ ਕਣਕ ਤੇ ਛੋਲੇ ।
ਖੀਰਾਂ ਅਤੇ ਪੂੜਿਆਂ ਦੇ, ਹੋ ਗਏ ਸੁਫਨਾ ਪੁਰਾਣੇ ਚੋਹਲੇ ।
'ਆਲਮ' ਨੇ ਬੱਕਰੀ ਨੂੰ, ਥਾਂ ਬੇਰੀ ਦੇ ਕਰੀਰ ਖੁਆਇਆ ।

## ਗ਼ਜ਼ਲ

ਨਿਰੰਜਨ ਸਿੰਘ ਨੂਰ
(ਇੰਗਲੈਂਡ)

ਚਿੜੀ ਦੀ ਲਲਕਾਰ ਨੇ ਇਕ ਬਾਜ਼ ਕੱਚਾ ਖਾ ਲਿਆ
ਰੋਹ ਭਰੀ ਕੀੜੀ ਨੇ ਇਕ ਮਦ-ਮਸਤ ਹਾਥੀ ਢਾ ਲਿਆ
ਇਕ ਤੇ ਇਕ ਇਕ ਹੁੰਦਾ, ਇਸ਼ਕ ਦਾ ਜਿਥੇ ਸੁਆਲ
ਪਾਣੀਆਂ ਵਿਚ ਲੀਕ ਪਾ ਪਾ ਕੇ ਕਿਸੇ ਅਜ਼ਮਾ ਲਿਆ
ਹਵਸ ਹੈ ਪੀੜਾਂ ਦੀ ਮਾਂ, ਦੁੱਖਾਂ ਦੀ ਮਾਂ, ਭੁੱਖਾਂ ਦੀ ਮਾਂ
ਦਾਤਿਆਂ ਨੇ ਪੀੜ ਦੀ ਮਾਂ ਦਾ ਕਲੇਜਾ ਖਾ ਲਿਆ
ਹਰਨ ਹੋਇਆ ਕਾਗਜ਼ਾਂ ਦਾ ਸ਼ੇਰ ਗਿੱਦੜ ਵਾਂਗਰਾਂ
ਅੱਜ ਗਊਆਂ ਨੇ ਕਸਾਈ ਕਿਵੇਂ ਅੱਗੇ ਲਾ ਲਿਆ
ਜ਼ੁਲਮ ਕਰਨਾ ਪਾਪ ਹੈ ਤੇ ਜ਼ੁਲਮ ਸਹਿਣਾ ਘੋਰ ਪਾਪ
ਤਸਬੀਆਂ ਨੇ ਅੰਤ ਨੂੰ ਤਲਵਾਰ ਨੂੰ ਹੱਥ ਪਾ ਲਿਆ
ਅੱਜ ਕਿਸੇ ਨੇ ਸੀਸ ਦੇ ਕੇ ਫੇਰ ਅੰਮ੍ਰਿਤ ਵੰਡਿਆ
ਫਿਰ ਕਿਸੇ ਨੇ ਬਰਫ਼ ਨੂੰ ਫੌਲਾਦ ਅੰਦਰ ਢਾਲਿਆ
ਕੋਈ ਟੀਸੀ ਕੋਈ ਦੂਰੀ ਸਿਦਕ ਦੀ ਹਾਨਣ ਨਹੀਂ
ਹਿੰਮਤੀ ਪੈਰਾਂ ਨੇ ਆਖਰ ਮੰਜ਼ਲਾਂ ਨੂੰ ਜਾ ਲਿਆ
ਸੁੱਟ ਦਿਤੀ ਬੇਕਸੀ ਦੀ ਬੇਸੁਰੀ ਬੇਕਾਰ ਬੀਨ
ਜੋਗੀਆਂ ਨੇ ਨਾਗ ਦੀ ਵਰਮੀ 'ਚ ਭਾਂਬੜ ਬਾਲਿਆ
ਨੌਂ ਗਜ਼ੇ ਦੀ ਹਿੱਕ ਤੇ ਬੰਣਾ ਖਲੋਤਾ ਗਾ ਰਿਹਾ
ਵੇਖ ਕੇ ਜਾਣਾ ਨਜ਼ਾਰਾ ਦੂਰ ਜਾਵਣ ਵਾਲਿਆ



**IF YOU WANT GOOD QUALITY FURNITURE AT LOW PRICES COME AND SEE US AT**



**Reg. $299.00 - Sale $199.00**

# Regina Furniture

## 2707 Main St. Vancouver, B.C.

## Phone 879-8319

**ALSO**

**For your travel needs contact Kehar Singh Lidhar (Bhoot)**

## SPECIAL

SOFA & CHAIR
Reg. 299.95
Sale 219.95

SEVEN PIECE KITCHEN SET
Reg. 279.95
Sale 179.95

**A.B.C. CHARTERS** **LONDON from $389.00**

BAINS INTERNATIONAL TRAVEL SERVICE LTD.

**ENQUIRE FOR SPECIAL FARES.**

## Groups and Excursions

## "Fly Now . . . Pay Later"

**We are appointed agents for International Air Transport Association (IATA) and also for every major airline and steamship company in the world.**

## "TRAVEL IS OUR ONLY BUSINESS"

***Tickets Issued Immediately at any of the following offices:***

# Bains International Travel Service Ltd.

6364 FRASER ST.
VANCOUVER, B.C.
324-2277

935 MARINE DRIVE
NORTH VANCOUVER, B.C.
980-0351

1710 DOUGLAS ST.
VICTORIA, B.C.
386-6363

# ਟੁਕੜੇ ਟੁਕੜੇ

ਅਵਤਾਰ ਸਿੰਘ ਸਾਹਿਲ
ਇੰਗਲੈਂਡ

ਉਹ ਚਾਰ ਵਰ੍ਹਿਆਂ ਤੋਂ ਏਥੇ ਸੀ, ਪਰ ਅੱਜ ਵਾਂਗ ਕਦੀ ਨਿਰਾਸ਼ ਨਹੀਂ ਸੀ ਹੋਇਆ। ਸ਼ਾਇਦ ਉਸ ਵੇਲੇ ਵੀ ਨਹੀਂ, ਜਦੋਂ ਉਸ 'ਤੇ ਅਤਿ ਗ਼ਰੀਬੀ ਦੇ ਦਿਨ ਸਨ। ਉਸ ਨੂੰ ਇੰਝ ਲੱਗ ਰਿਹਾ ਸੀ ਜਿਵੇਂ ਉਹ ਏਨਾ ਕੁਝ ਕਰਨ ਤੋਂ ਬਾਅਦ ਕੁਝ ਵੀ ਨਾ ਕਰ ਸਕਿਆ ਹੋਵੇ।

ਸਵੇਰ ਵਾਲਾ ਖ਼ੱਤ ਉਸ ਦੇ ਹੱਥਾਂ ਵਿਚ ਸੀ। ਉਹ ਆਪਣੀ ਬੈੱਡ 'ਤੇ ਢੋਅ ਨਾਲ ਢੋ ਲਾਈ, ਨੀਝ ਨਾਲ ਖ਼ੱਤ ਦੀਆਂ ਸਤਰਾਂ ਪਿੱਛੇ ਲੁਕੇ ਫਿਕਰ ਬਾਰੇ ਸੋਚ ਰਿਹਾ ਸੀ।

'ਇੰਡੀਆ ਵਾਲੇ ਇੰਝ ਸਮਝਦੇ ਆ, ਜੀਕੂੰ ਇੰਗਲੈਂਡ ਵਿਚ ਪੈਸੇ ਦਰਖਤਾਂ ਨੂੰ ਲੱਗਦੇ ਆ।' ਘਰ ਨੂੰ ਪੈਸੇ ਭੇਜਣ ਵੇਲੇ ਹਰ ਵਾਰ ਤਾਂ ਲਿਖਿਆ ਸੀ, 'ਖ਼ੂਨ ਪਸੀਨੇ ਦੀ ਕਮਾਈ ਫਜ਼ੂਲ ਖ਼ਰਾਬ ਨਾ ਕਰਨੀ। ਇਹ ਜਿਨ੍ਹਾਂ ਹੱਥਾਂ ਨਾਲ ਕਮਾਈ ਹੈ ਉਹ ਇਸ ਦਾ ਸੇਕ ਦੋ ਜਨਮ ਨਹੀਂ ਭੁਲ ਸਕਣਗੇ।'

ਉਸ ਨੇ ਖ਼ਤ ਨੂੰ ਇਕ ਪਾਸੇ ਰੱਖ ਦਿੱਤਾ ਤੇ ਹੱਥਾਂ ਵੱਲ ਵੇਖਣ ਲੱਗ ਪਿਆ। ਹੱਥ, ਜਿਨ੍ਹਾਂ ਵਿੱਚ ਤਰੇੜਾਂ ਸਨ। ਹੱਥ, ਜੋ ਲੋਹੇ ਨਾਲ ਘੁਲਕੇ ਲੋਹੇ ਵਰਗੇ ਹੋ ਗਏ ਸਨ। ਹੱਥ, ਜਿਨ੍ਹਾਂ ਉਪਰੋਂ ਕਾਲਖ ਨੇ ਸਭ ਰੇਖਾਵਾਂ ਮਿਟਾ ਦਿੱਤੀਆਂ ਸਨ। ਉਸ ਚਿੱਠੀ ਮਲਕੜੇ ਹੀ ਉਨ੍ਹਾਂ ਹੱਥਾਂ ਨਾਲ ਚੁਕੀ। ਚਿੱਠੀ, ਉਸ ਨੂੰ ਫੌਂਡਰੀ ਦੀਆਂ ਬਾਲਟੀਆਂ ਨਾਲੋਂ ਵੀ ਭਾਰੀ ਜਾਪੀ — ਉਸ ਦੀ ਨਿਗਾਹ ਫਿਰ ਇਨ੍ਹਾਂ ਸਤਰਾਂ 'ਤੇ ਜਾ ਟਿੱਕੀ :

'ਪੁੱਤਰਾ, ਲੋਕ ਕਹਿੰਦੇ ਸੀ ਸੁਰਜਨ ਸਿਹਾਂ, ਵਿਆਹ ਗਜ ਵੱਜ ਕੇ ਕਰ, ਤੈਨੂੰ ਕਾਹਦਾ ਘਾਟਾ, ਤੇਰਾ ਮੁੰਡਾ ਵਲੈਤ ਗਿਆ ਹੈ। ਨਾਲੇ ਦਸ ਹਜ਼ਾਰ ਨਾਲ ਕੁੜੀ ਦਾ ਵਿਆਹ ਹੋਣਾ ਮੁਸ਼ਕਲ ਸੀ। ਮੈਂ ਚਾਰ ਹਜ਼ਾਰ ਕਰਜਾ ਚੁਕ ਲਿਆ ਤੇ ਵਿਆਹ ਇਕ ਵਾਰੀ ਗਜ ਵੱਜਕੇ ਕੀਤਾ। ਇਲਾਕੇ ਵਿਚ ਧੁੰਮਾਂ ਪੈ ਗਈਆਂ।'

ਬਿਜਲੀ ਬਾਹਰ ਗਰਜੀ, ਉਸ ਦੀ ਲਿਸ਼ਕੋਰ ਖਿੜਕੀ ਵਿਚੋਂ ਅੰਦਰ ਆਈ। ਬਾਹਰ ਪਰਲ ਪਰਲ ਮੀਂਹ ਪੈਣ ਲੱਗ ਪਿਆ ਸੀ। ਖਿੜਕੀ ਨੂੰ ਬੰਦ ਕਰਨ ਲਗਿਆਂ ਉਸ ਲਾਈਨੋਂ ਵੱਲ ਵੇਖਿਆ, ਲਾਈਨੋਂ 'ਤੇ ਕਾਫ਼ੀ ਪਾਣੀ ਜਮਾ ਹੋ ਗਿਆ ਸੀ। ਰਜ਼ਾਈ ਦਾ ਇਕ ਪਾਸਾ ਮੀਂਹ ਦੀ ਵਾਛੜ ਨਾਲ ਭਿਜ ਗਿਆ ਸੀ। ਉਸ ਚਿੱਠੀ ਚੁਕੀ ਤੇ ਰਜ਼ਾਈ ਵਿਚ ਜਾਂ ਵੜਿਆ। ਚਿੱਠੀ ਦੇ ਫ਼ਿਕਰੇ ਦਿਮਾਗ਼ ਵਿਚ ਘੁਣ ਵਾਂਗ ਵਜ ਰਹੇ ਸਨ।

'ਲਵੇਰਾ ਨੱਠ ਗਿਆ, ਤੋਕੜ ਮੱਝ ਚਾਹ ਜੋਗਾ ਦਿੰਦੀ ਏ। ਗੋਰਾ ਬਲਦ ਮੂੰਹ-ਖੁਰ ਦੀ ਬੀਮਾਰੀ ਨਾਲ ਮਰ ਗਿਆ। ਮਹਿੰਗਾਈ ਤਾਂ ਅਸਮਾਨ ਛੋਹ ਰਹੀ ਏ—'

ਹੁਣ ਉਸ ਦੀਆਂ ਅੱਖਾਂ ਵਿਚ ਗੁੱਸਾ ਸੀ, ਅੱਗ ਵਾਂਗ ਭੱਖਦਾ ਗੁੱਸਾ। ਉਸ ਸੋਚਿਆ ਕਿ ਦੱਸ ਕਿਲੇ ਜ਼ਮੀਨ ਦੇ ਲੈਕੇ ਦਿਤੇ ਕਿ ਕਮਾਉਣ ਤੇ ਖਾਣ। ਵਲੈਤ ਆਣ ਵੇਲੇ ਬਾਪੂ ਨੇ ਅੱਖਾਂ ਭਰਕੇ ਕਿਹਾ ਸੀ, "ਪੁਤਰਾ — ਸਾਨੂੰ ਘਾਹ ਖੋਤਣ ਜੋਗੇ ਸਿਆੜ ਜ਼ਰੂਰ ਲੈ ਦੇਵੀਂ, ਫੇਰ ਬੇਸ਼ਕ ਕੁਝ ਨਾ ਭੇਜੀਂ।"

ਪਰ ਇਹ ਖੱਤ ਤਾਂ ਲੋਹ ਵਾਂਗ ਚਿੰਬੜ ਗਏ ਹਨ। ਉਸ ਨੂੰ ਆਪਣੀ ਮਾਂ ਦੇ ਬੋਲ ਯਾਦ ਆਏ — ਜੋ ਉਸ ਵਿਛੜਨ ਸਮੇਂ ਹੋਕਾ ਭਰਦਿਆਂ ਕਹੇ ਸਨ—

"ਪੁਤਰਾ — ਜੱਟ ਦੀ ਜ਼ਮੀਨ ਬਿਨ ਕਾਹਦੀ ਜੂਨ ਆ। ਖ਼ਤ ਪੱਤਰ ਛੇਤੀ ਪਾ ਦਿਆ ਕਰੀਂ......" ਹੁਣ ਉਨ੍ਹਾਂ ਨੂੰ ਪੁਤਰ ਨੂੰ ਮਿਲਣਾ ਯਾਦ ਨਹੀਂ ਸੀ, ਉਹ ਖ਼ੁਸ਼ ਸਨ ਕਿ ਪੈਸੇ ਆਈ ਜਾਣ।

ਪੈਸਾ ਕੇਡਾ ਬਲਵਾਨ ਹੈ, ਸਭ ਕੁਝ ਭੁਲਾ ਦੇਂਦਾ ਹੈ। ਪੈਸੇ ਦੇ ਹੰਕਾਰ ਵਿਚ ਹੀ ਤਾਂ ਫੁੰਮਣ ਸਿਹੁੰ ਪਿਛਲੇ ਦਿਨਾਂ ਨੂੰ ਭੁਲ ਬੈਠਾ ਹੈ। ਉਸ ਨੂੰ ਕੱਲ੍ਹ ਵਾਲੀ ਘਟਨਾ ਯਾਦ ਆਈ "ਬਲੈਕ ਬੁਆਏ" ਪੱਬ ਵਿਚ ਉਹ ਹੰਕਾਰਿਆ ਹੀ ਬੋਲਦਾ ਸੀ :

"ਆਪਾਂ ਕੀਹਦੇ ਨਾਲੋਂ ਘੱਟ ਆਂ। ਚਲ ਤੂੰ ਹੋਰ ਤਾਂ ਛੱਡ, ਮੈਨੂੰ ਇਹ ਦਸ ਮਾਸਟਰ — ਇੰਦਰਾ ਗਾਂਧੀ ਨੂੰ ਵੀਕ ਦਾ ਕੀ ਮਿਲਦੈ?"

"ਬਸ ਏਹੋ ਕੋਈ ਸਵਾ ਕੁ ਹਜ਼ਾਰ ਰੁਪਿਆ"—

"ਫਿਰ ਤੂੰ ਆਪੇ ਸੋਚ — ਬਈ ਇੰਦਰਾ ਗਾਂਧੀ ਦਾ ਭਲਾ ਮੇਰੇ ਨਾਲ ਕੀ

ਮੁਕਾਬਲਾ। ਮੇਰੇ ਇਥੇ ਚਾਰ ਮੁੰਡੇ, ਪੰਜਮਾਂ ਮੈਂ; ਸੁਖ ਨਾਲ ਸੱਭੇ ਇਕੋ ਜਿੰਨੇ ਪੈਸੇ ਚੁਕਦੇ ਆਂ,ਚਹੁੰ ਦੇ ਪੱਚੀਆਂ ਦੇ ਹਸਾਬ ਸੌ ਪੌਂਡ ਜੋੜਦਾਂ,ਆਪਣੀ ਕਮਾਈ ਨਾਲ ਘਰ ਦਾ ਖਰਚ ਚੁਕਦਾਂ। ਤਿੰਨ ਦੇ ਹਸਾਬ ਦੇਖਾਂ ਜਰਬ ਸੌ ਨੂੰ, ਤਿੰਨ ਹਜ਼ਾਰ ਬਣਿਆ ਨਾ।"

ਮਾਸਟਰ ਸੋਚ ਰਿਹਾ ਸੀ, ਮੁਕਾਬਲੇ ਦਾ ਹੀ ਤਾਂ ਸਿਆਪਾ ਏ ਸਮਾਜ ਵਿਚ। ਸੱਭ ਦਾ ਜੀਵਨ ਪੱਧਰ ਇਕੋ ਜਿਹਾ ਹੋਵੇ ਤਦ ਸ਼ਾਇਦ ਮੇਰਾ ਬਾਪੂ ਵੀ ਬੜਾ ਬਣਨ ਦੀ ਹੁਬ ਵਿਚ ਬਹੁਤ ਖਰਚ ਨਾ ਕਰਦਾ।

ਉਸ ਨੂੰ ਫੁੰਮਣ ਸਿੰਹੁ ਦੇ ਬੋਲ ਫਿਰ ਯਾਦ ਆਏ —

"ਪੈਸਾ, ਸਾਲਾ ਪੈਸਾ ਤਾਂ ਹੁਣ ਬੇਂਕਾਂ ਤੋਂ ਨਹੀਂ ਸਾਂਭ ਹੁੰਦਾ। ਤਿੰਨ ਹਜ਼ਾਰ ਦਾ ਕੈਸ਼ ਘਰ ਲਿਆ। ਜੈਫਰ-ਫੋਰ ਕਾਰ ਹਰ ਸਾਲ ਬਦਲ ਲਈਦੀ ਐ। ਦਸ ਕਾਹਦਾ ਘਾਟਾ, ਹੈ ਕੋਈ ਮੁਕਾਬਲਾ ? ਮਾਸਟਰ !"

"ਤੁਹਾਡਾ ਮੁਕਾਬਲਾ ਤਾਂ ਰਾਣੀ ਵੀ ਨਹੀਂ ਕਰ ਸਕਦੀ ਇੰਦਰਾ ਤਾਂ ਕਿਹੜੇ ਪਾਸਕੂ ਆ।" ਲਾਗੇ ਬੈਠਾ ਸੀਬਾ ਗਲਾਸ ਦਾ ਘੁੱਟ ਭਰਦਾ ਵਿਅੰਗ ਨਾਲ ਬੋਲਿਆ ਸੀ।

"ਆਹੋ ਫ਼ਰਕ ਤਾਂ ਏਨਾ ਕੁ ਆ ਉਹ ਮਹਿਲਾਂ ਵਿਚ ਰਹਿੰਦੀ ਆ, ਆਪਾਂ ਛੋਂਡਰੀਆਂ ਵਿਚ ਸੁਆਹ ਫਕਦੇ ਆਂ।" ਲਾਗਿਉਂ ਕਿਸੇ ਬਹੁਤ ਸੁੰਦਰ ਜਵਾਬ ਦਿੱਤਾ ਸੀ।

ਉਸ ਨੂੰ ਆਪਣਾ ਖਿਆਲ ਆਇਆ, ਜਦੋਂ ਉਹ ਵੀ ਇੰਝ ਸੋਚਦਾ ਹੁੰਦਾ ਸੀ ਕਿ 'ਜਗੀਰਦਾਰਾਂ ਦੀ ਕੋਠੀ ਅੱਗੇ ਕੋਠੀ ਪਾਈ ਜਾਂਦੀ ਐ। ਇਕ ਵਾਰੀ ਤਾਂ ਉਨ੍ਹਾਂ ਦੀ ਹਿਕ 'ਤੇ ਫਨੀਅਰ ਲੇਟਿਆ ਕਰੂ ਜਦ ਜੱਟ ਦੀ ਘੂੰ ਘੂੰ ਕਰਦੀ ਕਾਰ ਉਨ੍ਹਾਂ ਦੀ ਕੋਠੀ 'ਤੇ ਮਿੱਟੀ ਪਾਉਂਦੀ ਲੰਘਿਆ ਕਰੂ।' ਇਹ ਸੁਪਨੇ ਤੇਦੋਂ ਘਰ ਕਰ ਗਏ ਸਨ, ਜਦ ਕਬੱਡੀ ਦਾ ਮੈਚ ਹੋਣ ਵੇਲੇ ਉਸ ਨੂੰ ਜਗੀਰਦਾਰਾਂ ਦੇ ਜੀਤੇ ਨੇ ਧੱਕਾ ਦਿੰਦਿਆਂ ਹਰੀਜਨਾਂ ਵੱਲ ਕਰ ਦਿੱਤਾ ਸੀ। ਮੈਚ ਹਰੀਜਨਾਂ ਦਾ ਤੇ ਜੱਟਾਂ ਦਾ ਸੀ। ਉਸ ਨੂੰ ਇਹ ਬੋਲ ਕਦੇ ਨਾ ਭੁੱਲੇ :

"ਚਲ ਸਾਲਿਆ ਚਮਾਰਾਂ ਵੱਲ — ਤੇਰੇ ਪਿਊ ਦੀ ਕਿਹੜੀ ਜ਼ਮੀਨ ਐ।"

ਉਸ ਨੂੰ ਉਸ ਦਿਨ ਤੋਂ ਹੀ ਜਗੀਰਦਾਰਾਂ ਨਾਲ ਨਫ਼ਰਤ ਹੋ ਗਈ ਸੀ, ਤੇ ਹਰੀਜਨਾਂ ਨਾਲ ਹਮਦਰਦੀ।

ਹੁਣ ਉਹ ਸੋਚਦਾ ਸੀ — ਕਿ ਜਗੀਰਦਾਰਾਂ ਤੇ ਪੈਸੇ ਵਾਲਿਆ ਦੀ ਹਿੱਕ 'ਤੇ ਫਨੀਅਰ ਇੰਝ ਨਹੀਂ ਲੇਟੇਗਾ — ਉਨ੍ਹਾਂ ਨਾਲ ਬਰਾਬਰੀ ਕਰਕੇ, ਪੈਸੇ ਵਾਲੇ ਬਣਕੇ, ਕੋਠੀਆਂ ਬਣਾ ਕੇ। ਸਗੋਂ ਕਿਰਤੀ-ਕਿਸਾਨਾਂ ਨੂੰ ਲਾਮਬੰਦ ਕਰਕੇ, ਪ੍ਰਬੰਧ ਦਾ ਮਲੀਆ ਮੇਟ ਕਰਕੇ; ਨਵੇਂ ਜੀਵਨ ਦੇ ਢਾਂਚੇ ਦੀ ਸਿਰਜਣਾ ਕਰਨ ਵਿਚ ਮਹਾਨ ਬਹਾਦਰੀ ਹੈ।

ਉਸ ਨੇ ਚਿੱਠੀ ਚੁੱਕੀ ਤੇ ਅੰਤਲੀਆਂ ਸਤਰਾਂ ਪੜ੍ਹੀਆਂ —

'ਖੇਤਾਂ ਦੇ ਲਾਗੇ ਇਕ ਖੇਤ ਦਾ ਸੌਦਾ ਕਰ ਲਿਆ ਹੈ,ਪੈਸੇ ਛੇਤੀ ਭੇਜ ਦੇਵੀਂ। ..... ਸਿਹਤ ਦਾ ਖ਼ਿਆਲ ਰਖੀਂ।' 'ਸਿਹਤ ਦਾ ਖ਼ਿਆਲ ਰਖੀਂ' ਬੜਾ ਹਮਦਰਦੀ ਭਰਿਆ ਫਿਕਰਾ ਲਿਖ ਦਿੰਦੇ ਹਨ — ਅੰਤ ਵਿਚ। ਗੁੱਸੇ ਨਾਲ ਭਰੇ ਪੀਤੇ ਨੇ ਖੱਤ ਨੂੰ ਹੱਥ ਵਿਚ ਘੁਟਿਆ, ਫਿਰ ਉਸ ਦੇ ਕਈ ਟੁਕੜੇ ਕਰਕੇ ਖਿੜਕੀ ਰਾਹੀਂ ਬਾਹਰ ਸੱਟ ਦਿਤੇ। ਪੀਲੇ ਪੈ ਜਾਣ ਬਾਦ ਹਵਾ ਦੇ ਝਾਉਂਕੇ ਨਾਲ ਰੁਖਾਂ ਨਾਲੋਂ ਝੜਦੇ ਪੱਤਿਆਂ ਵਾਂਗ ਇਹ ਟੁਕੜੇ ਘਮੇਟਣੀਆਂ ਖਾਂਦੇ ਧਰਤੀ 'ਤੇ ਜਾ ਡਿਗੇ। ਦੂਜੇ ਪਲ ਉਸਨੂੰ ਸੋਚ ਆਈ ਜਿਵੇਂ ਉਸ ਨੇ ਕੋਈ ਗੁਨਾਹ ਕਰ ਦਿੱਤਾ ਹੋਵੇ;ਜਿਵੇਂ ਉਸ ਨੇ ਆਪਣੇ ਹੱਥਾਂ ਨਾਲ ਆਪਣੀ ਮਾਂ ਦਾ ਦਿਲ, ਭੈਣਾਂ ਦੀਆਂ ਸੱਧਰਾਂ, ਬਾਪ ਦੀਆਂ ਆਸਾਂ ਦੇ ਟੁਕੜੇ ਟੁਕੜੇ ਕਰ ਦਿਤੇ ਹੋਣ।

ਉਹ ਪੌੜੀਆਂ ਉਤਰਿਆ ਤੇ ਟੁਕੜੇ ਇਕਠੇ ਕਰਨ ਲੱਗ ਪਿਆ। ਟੁਕੜਿਆਂ ਨੂੰ ਸੱਜੇ ਹੱਥ ਵਿਚ ਘੁਟਕੇ ਰਜਾਈ ਵਿੱਚ ਜਾ ਵੜਿਆ :

'ਲਾਗਲੇ ਖੇਤ ਦਾ ਸੌਦਾ ਕਰ ਲਿਐ।' ਖੇਤਾਂ ਨਾਲ ਖੇਤ ਲੱਗਦੇ ਰਹਿਣੇ ਹਨ, ਇਕ ਪਿੰਡ ਦੇ ਦੂਜੇ ਪਿੰਡ ਨਾਲ। ਕੱਲ੍ਹ ਨੂੰ ਖ਼ਤ ਆ ਜਾਏਗਾ — ਕੁੜੀ ਦਾ ਛੁਛੁਕੜਾ ਦੇਣਾ ਏ;ਇਸ ਦਾ ਇਲਾਜ ਹੋਏ ਬਿਨਾਂ ਨਾ ਹੀ ਖ਼ਤ ਪਿੱਛਾ ਛੱਡਣਗੇ ਤੇ ਨਾ

(ਬਾਕੀ ਸਫ਼ਾ 13)




ਸੋਨੇ ਦੇ ਲੇਟੈਸਟ ਡੀਜ਼ਾਈਨਾਂ ਇੱਕ ਮਿਲੋ ਥਦਾਉਂਦ ਲਈ

ਸੋਨੀ ਐਂਡ ਸਨਜ਼

**SONI & SONS**
**JEWELLERS**
**Specialist in East Indian Jewelry**

**6524 MAIN ST.**

**( AT 49th. Ave.)**

**VANCOUVER, B.C.**

**PHONE 324-1012**

**RES. 327-0783**

# ਉਸ ਦਾ ਪਿਉ

ਹਮਦਰਦਵੀਰ ਨੌਸ਼ਹਿਰਵੀ

1.

— ਉਸ ਦਾ ਪਿਉ ਮਰ ਗਿਆ ਹੈ। ਉਹੋ ਹੀ ਕਮਾਊ ਸੀ। ਨਿੱਕੇ ਨਿੱਕੇ ਜੀਅ ਹਨ। ਉਸ ਦੀ ਵਿਧਵਾ ਮਾਂ ਦੀ ਜਵਾਨੀ ਵੇਲੇ ਹੀ ਸੱਜੀ ਬਾਂਹ ਹਮੇਸ਼ਾ ਲਈ ਬੇਹਰਕਤ ਹੋ ਗਈ ਸੀ। ਬਾਂਹ ਹੁਣ ਟੁੱਟੀ ਹੋਈ ਟਾਹਣੀ ਵਾਂਗ ਹੀ ਸਰੀਰ ਨਾਲ ਲਟਕ ਰਹੀ ਹੈ। ਬੱਚੇ ਸਾਰੇ ਹੀ ਨਾਬਾਲਗ। ਵਡੀਆਂ ਤਿੰਨ ਕੁੜੀਆਂ ਨੇ, ਨਿੱਕੇ ਦੋ ਮੁੰਡੇ, ਇਹੋ ਕੁੜੀ ਸਾਰੇ ਬਚਿਆਂ ਵਿਚੋਂ ਕੁਝ ਸਿਆਣੀ ਉਮਰ ਦੀ ਏ। ਦਸਵੀਂ ਤੇ ਪ੍ਰਭਾਕਰ ਪਾਸ ਏ......।

— ਪਰ ਐਸ ਵੇਲੇ ਤੁਹਾਡੇ ਐਨ. ਸੀ. ਸੀ. ਦਫ਼ਤਰ ਵਿਚ ? ਸਕੂਲ ਦਾ ਵਕਤ ਤਾਂ ਕਦੋਂ ਦਾ ਖ਼ਤਮ ਹੋ ਚੁਕਾ ਹੈ।

— ਇਹ ਐਨ. ਸੀ. ਸੀ. ਕੈਡਿਟਸ ਦੀਆਂ ਲਿਸਟਾਂ ਤਿਆਰ ਕਰ ਰਹੀ ਏ। ਕੈਡਿਟਸ ਦੀ ਰੀਫ਼ਰੈਸ਼ਮੈਂਟ ਉਤੇ ਅਸਲ ਖ਼ਰਚ ਕਿੰਨਾ ਆਇਆ ? ਬਿੱਲ ਪਰਵਾਨਿਤ ਐਡਵਾਂਸ ਫੰਡ ਦੇ ਐਨ ਬਰਾਬਰ ਹੋਣ। ਬਾਕੀ ਪੈਸੇ ਕਿੰਨੇ ਬਚੇ ?......

— ਪਰ ਇਹ ਅਧਿਆਪਕਾ ਤਾਂ ਹਿੰਦੀ ਦੀ ਹੈ।

— ਅਸੀਂ ਤਾਂ ਇਸ ਨੂੰ ਹਮਦਰਦੀ ਵਜੋਂ ਰਖਿਆ ਹੋਇਆ ਏ। ਵੈਸੇ ਤਾਂ ਇਹ ਕੁਆਲੀਫਾਈਡ ਨਹੀਂ। ਵਿਚਾਰੀ ਦਾ ਪਿਉ ਨਹੀਂ ਹੈ।

2.

— ਉਸ ਦਾ ਪਿਉ ਮਰ ਗਿਆ ਹੈ। ਸਵੇਰੇ ਕਾਫ਼ੀ ਰਾਤ ਰਹਿੰਦਿਆਂ ਹੀ ਉਸ ਨੂੰ ਉਠਣਾ ਪੈਂਦਾ ਹੈ। ਬਚਿਆਂ ਨੂੰ ਨੁਹਾ ਧੁਹਾ, ਰੋਟੀ ਬਣਾ, ਖਵਾ ਕੇ ਸਕੂਲ ਲਈ ਤਿਆਰ ਕਰਨਾ ਪੈਂਦਾ ਹੈ। ਤੇ ਫੇਰ ਕਾਫ਼ੀ ਸਵੇਰੇ ਸਕੂਲ ਆਪਣੀ ਨੌਕਰੀ ਉਤੇ ਪਹੁੰਚਣਾ ਪੈਂਦਾ ਹੈ।

— ਐਨੀ ਸਵੇਰੇ ਹੀ ਸਕੂਲ ਵਿਚ ? ਹਾਲੀ ਤਾਂ ਪੂਰਾ ਸਵਾ ਘੰਟਾ ਪਿਆ ਹੈ ਸਕੂਲ ਲੱਗਣ ਵਿਚ।

— ਕੰਮ ਵੀ ਤਾਂ ਕਈ ਹਨ। ਇਸ ਨੇ ਸਾਰੇ ਕਮਰੇ ਖੁਲ੍ਹਵਾਣੇ ਹਨ। ਪਾਣੀ ਛਿੜਕਵਾਣਾ ਹੈ। ਝਾੜੂ ਫਿਰਵਾਣਾ ਹੈ। ਟਾਟ, ਮੇਜ਼, ਬਲੈਕਬੋਰਡ ਸਾਫ਼ ਕਰਵਾਣੇ ਹਨ .....। ਇਕੱਲਾ ਭੰਗੀ ਤਾਂ ਕੁਝ ਕਰਦਾ ਹੀ ਨਹੀਂ।......

— ਪਰ ਇਹ ਤਾਂ ਅਧਿਆਪਕਾ ਹੈ।

— ਹਾਂ, ਹਾਂ ਸਕੂਲ ਅਧਿਆਪਕਾਂ ਦੇ ਸਿਰ ਉਤੇ ਹੀ ਚਲਦਾ ਹੈ, ਇਹ ਤਾਂ ਬਹੁਤ ਈਮਾਨਦਾਰ ਲੜਕੀ ਏ। ਸਾਡੇ ਦਿਲ ਵਿਚ ਇਸ ਵਾਸਤੇ ਬੜੀ ਹਮਦਰਦੀ ਹੈ। ਵਿਚਾਰੀ ਦਾ ਪਿਉ ਮਰ ਗਿਆ ਹੈ।

3.

— ਉਸ ਦਾ ਪਿਉ ਮਰ ਗਿਆ ਹੈ। ਉਸ ਦੇ ਦਿਲ ਵਿਚ ਬੜੀਆਂ ਰੀਝਾਂ ਸਨ — ਉਹ ਐਮ. ਏ. ਤਕ ਪੜ੍ਹੇਗੀ — ਉਹ ਸੰਗੀਤ ਸਿਖੇਗੀ — ਉਹ ਕਲਾਕਾਰ ਬਣੇਗੀ — ਉਹ...। ਪਰ ਹੋਇਆ ਕੀ — ਉਹ ਬਣ ਸਕੀ ਸਿਰਫ਼ ਇਕ ਅਨਟਰੇਂਡ ਅਧਿਆਪਕਾ। ਪਿਉ ਦੇ ਮਰਨ ਤੋਂ ਬਾਅਦ ਉਸ ਨੇ ਰਿੜ੍ਹ ਖੁੜ੍ਹ ਕੇ ਪਰਭਾਕਰ ਕੀਤੀ ਤੇ ਅੰਗਰੇਜ਼ੀ ਦੀ ਟਾਈਪ ਸਿੱਖੀ......

— ਰੀਸੈਸ ਵਿਚ ਤੁਸੀਂ ਲਾਇਬਰੇਰੀ ਵਿਚ ਫ਼ਾਈਲਾਂ ਖੋਹਲੀ ਬੈਠੇ ਹੋ — ਟਾਈਪ ਕਰ ਰਹੇ ਹੋ ? ਬਾਕੀ ਅਧਿਆਪਕ ਚਾਹ ਪੀ ਰਹੇ ਹਨ — ਗੱਪਾਂ ਮਾਰ ਰਹੇ ਨੇ — ਹੱਸ ਰਹੇ ਨੇ !

— (ਅਧਿਆਪਕਾ ਚੁਪ ਹੈ। ਹੈਡ ਮਾਸਟਰ ਦੀ ਆਵਾਜ਼ ਖਿੜਕੀ ਰਾਹੀਂ ਆਈ ਹੈ) — ਤੁਸੀਂ ਜਾਣਦੇ ਹੀ ਹੋ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਲਾਇਬਰੇਰੀਅਨ ਦੀ ਤਾਂ ਕੋਈ ਪੋਸਟ ਹੀ ਨਹੀਂ ਹੁੰਦੀ। ਬਾਕੀ ਦਫ਼ਤਰ ਅਸੀਂ ਲਾਇਬਰੇਰੀ ਵਾਲੇ ਕਮਰੇ ਵਿਚ ਹੀ ਰਖ ਲਿਆ ਹੈ। ਲਾਇਬਰੇਰੀ ਵੀ ਖੁਲ੍ਹੀ ਦਿਸੇ, ਤੇ ਨਾਲ ਨਾਲ ਦਫ਼ਤਰੀ ਕੰਮ ਹੁੰਦਾ ਰਹੇ। ਕਮਰਿਆਂ ਦਾ ਵੀ ਤਾਂ ਬੜਾ ਘਾਟਾ ਹੈ।

— ਕਲਰਕ ਦਾ ਕੰਮ ਵੀ...?

— ਇਕ ਕਲਰਕ ਰਖਣ ਵਾਸਤੇ ਮੈਂ ਪ੍ਰਬੰਧਕ ਕਮੇਟੀ ਨੂੰ ਕਿਹਾ ਹੋਇਆ ਹੈ। ਓਨਾ ਚਿਰ ਤਕ ਕੁਝ ਵਾਧੂ ਘਾਟੂ ਦਫ਼ਤਰੀ ਕੰਮ ਇਹ ਲੜਕੀ ਕਰ ਦਿੰਦੀ ਏ। ਮਹਿਕਮਾ ਅਨਟਰੇਂਡ ਅਧਿਆਪਕਾਂ ਨੂੰ ਰਖਣ ਦੀ ਆਗਿਆ ਨਹੀਂ ਦਿੰਦਾ। ਅਸੀਂ ਤਾਂ ਇਸ ਨੂੰ ਸਿਰਫ਼ ਤਰਸ ਭਾਵਨਾ ਕਰਕੇ ਰਖਿਆ ਹੋਇਆ ਹੈ। ਵਿਚਾਰੀ ਦਾ ਪਿਉ ਮਰ ਗਿਆ ਹੈ।

4.

— ਉਸ ਦਾ ਪਿਉ ਮਰ ਗਿਆ ਹੈ। ਸ਼ਾਮ ਨੂੰ ਸਕੂਲ ਪਰਤ ਕੇ, ਘਰ ਦਾ ਬਹੁਤਾ ਕੰਮ ਉਸ ਨੂੰ ਹੀ ਕਰਨਾ ਪੈਂਦਾ। ਰਿਨ੍ਹਣਾ, ਪਕਾਉਣਾ, ਸਿਉਣਾ, ਪਰੋਣਾ, ਬੱਚਿਆਂ ਦੇ ਫਟੇ ਕਪੜਿਆਂ ਨੂੰ ਟਾਕੀਆਂ ਲਾਉਣੀਆਂ, ਮੈਲੇ ਕਪੜੇ ਧੋਣੇ...। ਭੈਣਾਂ ਛੋਟੀਆਂ। ਮਾਂ ਦੀ ਸਿਰਫ਼ ਇਕੋ ਖੱਬੀ ਬਾਂਹ — ਖੱਬਾ ਹੱਥ।

— ਤੁਹਾਡੀ ਬੈਠਕ ਅੰਦਰ ਵੀ ਸਕੂਲ ਚਲ ਰਿਹਾ ਹੈ। ਟਿਊਸ਼ਨਵਰਕ? ਤੁਹਾਡਾ ਕਾਲਜ ਪੜ੍ਹਦਾ ਲੜਕਾ ਵੀ ਬੈਠਾ ਹੋਇਆ ਹੈ, ਨਾਲ ਦੀ ਕੁਰਸੀ ਉਤੇ।

— ਹੈਡਮਾਸਟਰ ਨੇ ਹੀ ਭੇਜਿਆ ਹੈ ਇਸ ਬੀਬੀ ਨੂੰ। ਕਹਿੰਦਾ ਸੀ 'ਪਰਧਾਨ ਸਾਹਿਬ ਤੁਹਾਡੇ ਦੋਵੇਂ ਲੜਕੇ ਬੜੇ ਕਮਜ਼ੋਰ ਹਨ। ਟਿਊਸ਼ਨ ਟੂਆਸ਼ਨ ਤਾਂ ਕੋਈ ਨਹੀਂ — ਮੇਰੇ ਪਾਸ ਤਾਂ ਰੋਜ਼ ਸੌ ਸੌ ਸਫ਼ਾਰਸ਼ਾਂ ਆਉਂਦੀਆਂ ਹਨ — ਮਾਸਟਰ ਮਾਸਟਰਨੀਆਂ ਲਗਣ ਵਾਲਿਆਂ ਦੀਆਂ — ਸਾਨੂੰ ਕਿਤੇ ਮਾਸਟਰਨੀਆਂ ਦਾ ਘਾਟਾ ਏ। ਇਸ ਨੂੰ ਅਸੀਂ ਸਿਰਫ਼ ਇਸ ਲਈ ਰਖਿਆ ਹੋਇਆ ਏ ਕਿ ਇਸ ਦੀ ਕੁਝ ਸਹਾਇਤਾ ਕਰ ਸਕੀਏ। ਵਿਚਾਰੀ ਦਾ ਪਿਉ ਮਰ ਗਿਆ ਹੈ।

5.

— ਉਸ ਦਾ ਪਿਉ ਮਰ ਗਿਆ ਹੈ। ਪਿਉ ਆਪਣੀਆਂ ਜਵਾਨ ਲੜਕੀਆਂ ਨੂੰ ਸਾਂਭ ਸਾਂਭ ਰਖਦੇ ਨੇ — ਲੁਕਾ ਲੁਕਾ ਰਖਦੇ ਨੇ। ਇਕੱਲੀ ਧੀ ਨੂੰ ਘਰੋਂ ਬਾਹਰ ਨਹੀਂ ਨਿਕਲਣ ਦਿਤਾ ਜਾਂਦਾ — ਦੁਕਾਨ ਉਤੇ ਸੌਦਾ ਖਰੀਦਣ ਲਈ ਨਹੀਂ ਜਾਣ ਦਿਤਾ ਜਾਂਦਾ। ਇਕੱਲੀ ਮੁਟਿਆਰ ਕੁੜੀ ਭਰੀ ਬਸ ਵਿਚ ਵੀ ਕੰਬ ਕੰਬ ਜਾਂਦੀ ਏ। ਪਰ ਉਸ ਨੂੰ ਇਕੱਲੀ ਨੂੰ ਹੀ ਬਿਨਾਂ ਪਿਉ ਦੇ ਸਹਾਰੇ ਤੋਂ ਅੱਧੀ ਅੱਧੀ ਰਾਤ ਤਕ ਬਾਹਰ ਭਟਕਣਾ ਪੈਂਦਾ ਹੈ। ਉਸ ਨੂੰ ਨੌਕਰੀ ਕਰਦਿਆਂ ਦਸ ਸਾਲ ਬੀਤ ਗਏ ਨੇ। ਉਮਰ ਢਲ ਰਹੀ ਏ। ਸਰੀਰ ਦੇ ਅੰਗ ਜਿਵੇਂ ਟੁੱਟ ਟੁੱਟ ਕੇ ਡਿੱਗ ਪਏ ਹੋਣ। ਉਹ ਪੱਥਰ ਜਹੀ ਕਠੋਰ ਹੋ ਗਈ ਹੈ, ਭਿੱਜੀ ਹੋਈ ਹੈ, ਭਿੱਜੀ ਹੋਈ ਵੀ ਜਿਵੇਂ ਅਣਭਿੱਜ। ਦਸ ਸਾਲਾਂ ਦੀ ਨੌਕਰੀ। ਫਿਰ ਵੀ ਅਨਟਰੇਂਡ ਹੀ ਟੈਮਪਰੇਰੀ। ਤਨਖਾਹ ਕਾਗਜ਼ਾਂ ਉਤੇ ਵਧ ਹੋ ਗਈ ਹੈ — ਪਰ ਮਿਲਦੀ ਹਾਲੀਂ ਵੀ ਪਹਿਲਾਂ ਜਿੰਨੀ ਹੀ — ਕਾਟ ਕਟ ਕੇ।

— ਐਸ ਵੇਲੇ ਤੁਹਾਡੇ ਘਰ ਉਸ ਦੀ ਭੈਣ ਕੀ ਰਹੀ ਏ? ਰਾਤ ਦੇ ਦਸ ਵਜ ਗਏ ਨੇ।

— ਛੁੱਟੀਆਂ ਸਨ। ਪਤਨੀ ਬੱਚਿਆਂ ਨਾਲ ਪੇਕੇ ਗਈ ਹੋਈ ਏ। ਸਕੂਲ ਬੰਦ ਏ। ਮੈਂ ਸੋਚਿਆ ਘਰ ਹੀ ਚਾਰ ਦਿਨ ਰੋਟੀ ਟੁੱਕ ਕਰ ਜਾਇਆ ਕਰੇ। ਛੁੱਟੀਆਂ ਦੀ ਤਨਖਾਹ ਤਾਂ ਅਸੀਂ ਇਸ ਦੀ ਭੈਣ ਨੂੰ ਦੇਣੀ ਹੀ ਹੈ। ਆਮ ਕਰਕੇ ਤਾਂ ਕੱਚੇ ਅਧਿਆਪਕਾਂ ਨੂੰ ਅਸੀਂ ਛੁਟੀਆਂ ਦੀ ਤਨਖਾਹ ਦਿੰਦੇ ਹੀ ਨਹੀਂ। ਸਾਨੂੰ ਤਾਂ ਰਹਿਮ ਆਂਹਦਾ ਹੈ — ਵਿਚਾਰੀ ਦਾ ਪਿਉ ਨਹੀਂ ਹੈ।

— ਉਸ ਦਾ ਪਿਉ ਮਰ ਗਿਆ ਹੈ। ਨਹੀਂ, ਉਹ ਆਪ ਵੀ ਮਰ ਗਈ ਹੈ।

— .........

— ਉਸ ਦੇ ਹੱਕ ਵਿਚ ਹੁਣ ਕੋਈ ਹੁੰਗਾਰਾ ਨਹੀਂ ਬੋਲਦਾ। ●

---

ਕਹਾਣੀ ਟੁਕੜੇ ਦੀ ਬਾਕੀ

ਹੀ ਮਿੱਤਰਾ ਤੂੰ ਸੁੱਖ ਦੀ ਨੀਂਦੇ ਸੌਂ ਸਕੇਂਗਾ। ਇੰਜ ਸੋਚਾਂ ਵਿਚ ਉਸ ਨੂੰ ਪਤਾ ਨਾ ਲੱਗਾ ਕਿ ਉਹ ਕਦੋਂ ਸੌਂ ਗਿਆ —

ਸਵੇਰੇ ਉਠਦਿਆਂ ਇਕ ਖੱਤ ਇੰਡੀਆ ਤੋਂ ਹੋਰ ਆਇਆ ਪਿਆ ਸੀ —

ਹੁਣ ਉਸ ਦੇ ਫ਼ੋਲਾਦ ਵਰਗੇ ਸਖਤ ਹੱਥ ਕਾਗਜ਼ ਦੇ ਇਸ ਟੁਕੜੇ ਨੂੰ ਚੁਕਣ ਤੋਂ ਕੰਬ ਰਹੇ ਸਨ।


ਵਤਨੋਂ ਦੂਰ
ਪ੍ਰਬੰਧਕੀ ਬੋਰਡ
ਦੇ
ਲੇਖਕਾਂ
ਦੀਆਂ ਪੁਸਤਕਾਂ

ਕੇਸਰ ਸਿੰਘ ਨਾਵਲਿਸਟ:
ਲਹਿਰ ਵਧਦੀ ਗਈ
ਜੰਗੀ ਕੈਦੀ
ਸ਼ਹੀਦ ਊਧਮ ਸਿੰਘ
ਬਾਬਾ ਹਰੀ ਸਿੰਘ ਉਸਮਾਨ
ਮਦਨ ਲਾਲ ਢੀਂਗਰਾ (ਛਪ ਰਹੀ)

ਨਵਤੇਜ ਭਾਰਤੀ:
ਸਿੰਬਲ ਦੇ ਫੁੱਲ

ਤਾਰਾ ਸਿੰਘ ਹੇਅਰ:
...ਤੇ ਸਿਵਾ ਬਲਦਾ ਰਿਹਾ

ਅਜਮੇਰ ਰੋਡੇ:
ਵਿਸ਼ਵ ਦੀ ਨੁਹਾਰ

ਇਕਬਾਲ ਰਾਮੂਵਾਲੀਆ:
ਸੁਲਘਦੇ ਅਹਿਸਾਸ
ਇਕਬਾਲ (ਛਪ ਰਹੀ)

ਸੁਰਿੰਦਰ ਧੰਜਲ:
ਸੂਰਜਾਂ ਦੇ ਹਮਸਫ਼ਰ

ਸਾਧੂ:
ਸੋਨੇ ਰੰਗੀ ਸੜਕ

ਰ.ਸ. ਚਮਨ:
ਰੇਤਾਂ ਰੰਗ ਵਟਾਏ
ਚਾਨਣ ਕਣੀਆਂ
ਸੂਰਜ (ਛਪ ਰਹੀ)

ਲਾਟ ਭਿੰਡਰ:
ਮੋਮ ਦੀਆਂ ਤੇ ਰੌਸ਼ਨੀ
(ਤਿਆਰੀ ਅਧੀਨ)

ਕਰਮਜੀਤ ਧੁਮਾਣ:
ਰੋਹੀ ਦਾ ਮਿਰਗ
(ਤਿਆਰੀ ਅਧੀਨ)

**NEED ANY HELP IN ANY TYPE OF REAL ESTATE CONTACT ANY TIME!**

OFF.
872-0131
438-9998
RES.
687-7711
page 3756
OUT OF TOWN
TOLL FREE
112-800-663-3708



## BALWINDER BRAR
## M.Sc.

**MARS REALTY**

1437 Kingsway
Vancouver

ਡੈਲਟਾ ਵਿਚ ਗਰੋਸਰੀ ਦੀ ਨਵੀਂ ਦੁਕਾਨ

## ਪੰਜਾਬ ਫੂਡ ਸਟੋਰ

9435 ਸਕਾਟ ਰੋਡ, ਡੈਲਟਾ, ਬੀ.ਸੀ.

ਫ਼ੋਨ: 588-4911

ਜਿਥੋਂ ਤੁਹਾਨੂੰ ਹਰ ਕਿਸਮ ਦੀ ਭਾਰਤੀ ਗਰੋਸਰੀ ਜਿਵੇਂ ਆਟਾ, ਦਾਲਾਂ, ਮਸਾਲੇ, ਤੇਲ, ਆਚਾਰ, ਬਦਾਮ ਤੇ ਹੋਰ ਬਹੁਤ ਕੁਝ ਬਹੁਤ ਸਸਤੇ ਭਾਅ ਮਿਲ ਸਕਦਾ ਹੈ।

ਹੋਰ ਜਾਣਕਾਰੀ ਲਈ ਦਰਸ਼ਨ ਦਿਓ
ਜਾਂ ਫ਼ੋਨ ਕਰੋ:

**588-4911**

**TRAVEL WITH CONFIDENCE & PRIDE**

**EXPERT ON GROUPS**

**FIJI, INDIA, HONGKONG**

**CHARTERS TO U.K.**
**NOTARY PUBLIC SERVICES**
**ALSO AVAILABLE**

STA

We arrange passport, Indian, Canadian (4 day) Canadian citizenship (4 weeks). Subject to Canadian legal requirements.

**SAFEWAYS TRAVEL AGENCY**
**1391 Kingsway 873-5631**
**Vancouver 873-4011**

FOR FREE CONSULTATION AND PROFESSIONAL ADVICE ON ANY TYPE OF REAL ESTATE SERVICE, PLEASE CONTACT WITHOUT ANY OBLIGATION

OFF.
736-3831
RES.
434-4660
434-2393



ਅਜਾਇਬ ਜੰਡਾ

## AJAIB S. JANDA

**UNITED REALTY LTD.**

3879 Oak St.
Vancouver

## ਉਹ (ਰੋਹਾਂ ਦੇ ਨਾਂ)

ਸਾਧੂ

ਉਹ ਜਦੋਂ ਕੂਕ ਖੇਤ
ਸਰ੍ਹੋਂ ਦੀ ਪੀਲੀ ਬੁੱਕਲ ਮਾਰ
ਆਪਣੇ ਸੁਹੱਪਣ ਨਾਲ ਕਰਨਗੇ
ਸੂਰਜ ਨੂੰ ਵੀ ਸ਼ਰਮਸਾਰ;
ਉਹ ਜਦੋਂ ਕਣਕਾਂ ਦੇ ਨਿਆਣੇ ਪੜਾਂ ਤੇ
ਸਿਰ ਜੰਮਣਗੇ
ਉਹ ਜਦੋਂ ਸਕੂਲੀਂ
ਸਾਲ ਭਰ ਦੀ ਮਿਹਨਤ ਨੂੰ
ਪਾਸਕੂ ਤੱਕੜੀ 'ਚ ਤੋਲਿਆ ਜਾਵੇਗਾ
ਤਾਂ ਲਾਊਡ ਸਪੀਕਰ, ਟੱਕਾਂ ਤੇ ਗੀਤਾਂ ਨਾਲ
ਕਣਕਾਂ ਦੇ ਜੰਮਦੇ ਸਿਰਾਂ 'ਚ ਧੂੜ ਭਰਨਗੇ
ਜਿੰਨ੍ਹਾਂ ਦੇ ਗੋਦਾਮਾਂ 'ਚ ਕਣਕ
ਖੁਦ ਹੀ ਪਹੁੰਚ ਜਾਂਦੀ ਹੈ ਹਰ ਸਾਲ
ਨਵਾਂ ਠੇਕਾ ਲੈਣ ਲਈ ਪਿੰਡਾਂ 'ਚ ਆਉਣਗੇ
ਬਲਦਾਂ ਦੀ ਜੋੜੀ ਦੇ ਗੁਣ ਗਾਕੇ
ਤਿੰਨ ਦਹਾਕਿਆਂ ਤੋਂ ਚਲਦੇ ਠੇਕੇ ਤੇ
ਅੱਜ ਦੀ ਮੋਹਰ ਠੋਕਣਗੇ
ਤੇ ਫੇਰ ਉਸੇ ਤਰ੍ਹਾਂ ਚੀਕਦੇ ਗੱਡੇ
ਚੀਕਦ ਚੀਕਦ ਕਰਦੇ ਮੰਡੀ ਜਾਣਗੇ
ਤੇ ਨੰਗੇ ਪਿੰਡਾਂ ਵਾਲੇ ਨਿਆਣੇ
ਲਿੱਬੜੇ ਮੂੰਹ ਹੀ ਬਾਪੂ ਨਾਲ
ਗੱਡੇ ਤੇ ਬਹਿਕੇ ਸ਼ਹਿਰ ਜਾਣ
ਦੀ ਜ਼ਿਦ ਕਰਨਗੇ।

## ਮੋਗੇ ਦੇ ਸ਼ਹੀਦ

ਮਹਿੰਦਰ 'ਸੁਮਨ'

ਹਾਏ ਬੇਦਰਦੇ ਜ਼ੁਲਮ ਤੇਰੇ ਦੀਆਂ ਗੱਲਾਂ ਘਰ ਘਰ ਹੋਈਆਂ ਨੀ !
ਫੁੱਲਾਂ ਵਰਗੀਆਂ ਸੂਰਤੀਆਂ ਜਿੰਦਾਂ ਗੋਲੀਆਂ ਨਾਲ ਪਰੋਈਆਂ ਨੀ !
ਪੜ੍ਹਨ ਗਏ ਸੀ ਵੀਰ ਨੀ ਮਾਏ ਮੁੜਕੇ ਘਰ ਨੂੰ ਆਏ ਨਾਂ।
ਰਾਤੀਂ ਆਏ ਸੁਪਨੇ ਤੈਨੂੰ ਰੱਬ ਕੋਈ ਖੇਡ ਦਿਖਾਏ ਨਾਂ।
ਮਾਂ ਪੁੱਤਰਾਂ ਦੀਆਂ ਸੁੱਖਾਂ ਮੰਗੇ ਤੈਨੂੰ ਕਰੇ ਅਰਜੋਈਆਂ ਨੀ।
ਹਾਏ ਬੇਦਰਦੇ ... ... ...
ਜਿਸ ਪਾਣੀ ਵਿੱਚ ਲਾਸ਼ਾਂ ਸੁੱਟੀਆਂ ਬਣਕੇ ਖ਼ੂਨ ਖੌਲਿਆ ਨੀ।
ਮਾਰਕੇ ਧਾਹਾਂ ਅੰਬਰ ਰੋਇਆ ਸਾਵਣ ਬਣਕੇ ਰੋ ਪਿਆ ਨੀ।
ਧੌਣਾਂ ਦੇ ਗਲ ਲੱਗੀਆਂ ਲਹਿਰਾਂ ਮਾਰ ਡੁਸਕਾਂ ਰੋਈਆਂ ਨੀ।
ਹਾਏ ਬੇਦਰਦੇ ... ... ...
ਜੇ ਖੇਤਾਂ ਨੂੰ ਵਾੜ ਖਾ ਜਾਵੇ ਖੇਤੀ ਦੱਸ ਕੀ ਹੋਈ ਨੀ ?
ਜੇ ਫੁੱਲਾਂ ਨੂੰ ਧਰਤੀ ਖਾ ਜਾਏ ਇਹ ਹੈ ਗੱਲ ਅਣਹੋਈ ਨੀ!
ਖਾਕੇ ਆਪਣੇ ਪੁੱਤਰ ਤੈਨੂੰ ਰੱਜੀਆਂ ਕਿੱਥੇ ਲਕੋਈਆਂ ਨੀ।
ਹਾਏ ਬੇਦਰਦੇ ... ... ...
ਦੱਸ ਤੂੰ ਕਿਹੜੇ ਸ਼ਗਨ ਮਨਾਏ ਜਿਸਮਾਂ ਦੀ ਰੱਤ ਚੋਕੇ ਨੀ!
ਰਹਿ ਗਈ ਭੈਣ ਕੁਆਰੀ ਛੋਟੀ ਮਾਂ ਮਰ ਗਈ ਰੋ ਰੋਕੇ ਨੀ।
ਜ਼ੁਲਮ ਤੇਰੇ ਦੇ ਭਾਂਬੜ ਮੱਚ ਗਏ ਅੰਬਰ ਲਾਟਾਂ ਛੋਹੀਆਂ ਨੀ।
ਹਾਏ ਬੇਦਰਦੇ ... ... ...
ਜਿਹੜੇ ਨੀ ਤੂੰ ਦੀਪ ਬੁਝਾਏ ਸੂਰਜ ਬਣਕੇ ਆਵਣਗੇ।
ਪਾਪ ਤੇਰੇ ਦੀ ਚਿਖਾ ਬਣਾਕੇ ਅੱਗ ਅਣਖਾਂ ਦੀ ਲਾਵਣਗੇ।
ਫਲੀਆਂ ਸਿਖਰ ਦੁਪਹਿਰਾਂ ਤੇਰੀਆਂ ਸ਼ਾਮਾਂ ਆਣ ਖਲੋਈਆਂ ਨੀ।
ਹਾਏ ਬੇਦਰਦੇ ... ... ...
ਪਾਲੇ ਹੋਏ ਸ਼ਿਕਾਰੀ ਤੇਰੇ ਮਾਸ ਬੰਦੇ ਦਾ ਖਾਂਦੇ ਨੇ।
ਮਾਰਕੇ ਵੀਰੇ 'ਭਗਤ ਸਿੰਘ' ਦੇ ਉਸਨੂੰ ਭੁਲ ਜਾਂਦੇ ਨੇ।
ਕੱਲ ਸਰਹੰਦ ਦੀਆਂ ਕੰਧਾਂ ਰੋਵਣ ਅੱਜ ਮੋਗੇ ਦੀਆਂ ਰੋਈਆਂ ਨੀ।
ਹਾਏ ਬੇਦਰਦੇ ... ... ...

---

## ਇੱਕ ਬਿਆਨ

ਉੱਜਲ ਦੋਸਾਂਝ
ਵੈਨਕੂਵਰ

ਤੁਸੀਂ ਭੁੱਖ ਜ਼ੁਲਮ ਲੁੱਟ ਤੇ ਗੁੱਸੇ 'ਚੋਂ ਜਨਮੀ ਕਵਿਤਾ ਨੂੰ
ਇਸ਼ਤਿਹਾਰ ਕਹਿੰਦੇ ਹੋ
ਤੇ ਕਹਿੰਦੇ ਹੋ: "ਕੋਈ 'ਦਿਲ ਦੀ ਗੱਲ' ਕਰੋ
ਤਾਂ ਕਵਿਤਾ ਮੰਨਾਂਗੇ!"

ਮੈਂ ਕਹਿੰਦਾ ਹਾਂ:
ਜੇ ਤੁਹਾਡੀ ਬਦਮਗ਼ਜ਼ੀ, ਵਿਹਲੜਪਨ ਤੇ ਬੁੱਧੀਜੀਵਤਾ ਨਾਲ ਭਰੀ ਜ਼ਿੰਦਗੀ 'ਚੋਂ ਜਨਮੀ
'ਸਾਹਿਤਕ' ਸ਼ਿੰਗਾਰ 'ਕਵਿਤਾ' ਹੋ ਸਕਦੀ ਹੈ
ਤਾਂ ਲਹੂ ਪਸੀਨਾ ਇਕ ਕਰਕੇ ਵੀ
ਫੁੱਟਪਾਥਾਂ ਤੇ ਸੜਨ ਗਲਣ ਤੇ ਮਰਨ ਵਾਲਿਆਂ ਦੇ ਗੁੱਸੇ 'ਚੋਂ ਉਪਜੇ ਸ਼ਬਦ
ਨਿਸਚੈ ਹੀ ਕਵਿਤਾ ਹਨ

# ਇਸ ਅੰਕ ਦਾ ਕਵੀ : ਨਵਤੇਜ ਭਾਰਤੀ



ਨਵਤੇਜ ਭਾਰਤੀ ਪੰਜਾਬੀ ਦੇ ਉਨ੍ਹਾਂ ਕੁਝ ਕੁ ਕਵੀਆਂ ਵਿੱਚੋਂ ਇਕ ਹੈ ਜਿਹੜੇ ਥੋੜੀਆਂ ਪਰ ਬਹੁਤ ਵਧੀਆ ਕਵਿਤਾਵਾਂ ਲਿਖਣ ਤੋਂ ਬਾਅਦ ਚੁੱਪ ਹੋ ਗਏ ਹਨ।

'ਬੇ-ਰਾਹੇ ਮੇਰੇ ਪੈਰ' ਨਵਤੇਜ ਦਾ ਕਈ ਵਰ੍ਹਿਆਂ ਦੇ ਵਕਫ਼ੇ ਪਿੱਛੋਂ ਲਿਖਿਆ ਗੀਤ ਹੈ ਜਿਹੜਾ ਉਸ ਤੋਂ ਵਿਸ਼ੇਸ਼ ਬੇਨਤੀ ਰਾਹੀਂ ਇਕ ਅੰਗ੍ਰੇਜ਼ੀ ਮੈਗਜ਼ੀਨ ਅਤੇ 'ਵਤਨੋਂ ਦੂਰ' ਲਈ ਲਿਖਵਾਇਆ ਗਿਆ ਸੀ। ਕਵੀ ਅਕਸਰ ਆਪਣੀਆਂ ਰਚਨਾਵਾਂ ਦੀ ਵਿਆਖਿਆ ਨਹੀਂ ਦਿੰਦੇ; ਇਉਂ ਕਰਨ ਨਾਲ ਰਚਨਾ ਵਿਚਲੇ ਰਹੱਸ ਦੀ ਖ਼ੂਬਸੂਰਤੀ ਮਾਰੇ ਜਾਣ ਦਾ ਡਰ ਹੁੰਦਾ ਹੈ। ਪਰ ਅੰਗ੍ਰੇਜ਼ੀ ਅਨੁਵਾਦ ਦੀ ਸਹਾਇਤਾ ਲਈ ਲਿਖੀ ਗਈ ਨਵਤੇਜ ਦੀ ਵਿਆਖਿਆ ਆਪਣੇ ਆਪ ਵਿੱਚ ਇਕ ਖ਼ੂਬਸੂਰਤ ਸਾਹਿਤ-ਰਚਨਾ ਹੈ। ਇਸ ਲਈ ਪਾਠਕਾਂ ਦੀ ਦਿਲਚਸਪੀ ਲਈ ਇਹ ਵੀ ਗੀਤ ਦੇ ਨਾਲ ਹੀ ਦੇ ਰਹੇ ਹਾਂ। ਬਾਕੀ ਰਚਨਾਵਾਂ ਉਸਦੇ 1967-68 ਵਿੱਚ ਛਪੇ ਪਹਿਲੇ ਕਾਵਿ ਸੰਗ੍ਰਹਿ 'ਸਿੰਬਲ ਦੇ ਫੁੱਲ' ਵਿੱਚੋਂ ਹਨ।

ਨਵਤੇਜ ਅੱਜਕਲ੍ਹ ਯੂਨੀਵਰਸਿਟੀ ਆਫ਼ ਵੈੱਸਟਰਨ ਓਨਟਾਰੀਓ ਵਿੱਚ 'ਫ਼ਿਲਾਸਫ਼ੀ ਆਫ਼ ਸਾਇੰਸ' ਤੇ ਪੀ.ਐੱਚ.ਡੀ. ਕਰ ਰਿਹਾ ਹੈ। ਜਦੋਂ ਵੀ ਉਸਨੇ ਸਾਹਿਤ ਵਿਚ ਦੋਬਾਰਾ ਪ੍ਰਵੇਸ਼ ਕੀਤਾ ਉਹ ਅਵੱਸ਼ ਹੀ ਸ਼ਕਤੀਸ਼ਾਲੀ ਲਿਖੇਗਾ।

– ਸੁਰਿੰਦਰ ਧੰਜਲ

## 1. ਭਖ ਭਖ ਵੇ ਸੂਰਜ ਜਾਨੀਆਂ

ਸੂਰਜ ਸਾਂਹਵੇਂ ਖੜ ਕੇ ਗੋਰੀ
ਗਿੱਲੇ ਕੇਸ ਸੁਕਾਏ
ਭਖ ਭਖ ਵੇ ਸੂਰਜ ਜਾਨੀਆਂ ।

ਜੁਗਾਂ ਜੁਗਾਂ ਤੋਂ ਸੂਰਜ ਪਿਆਸਾ
ਤਿਰਖਾ ਦੇ ਵਿੱਚ ਬਲਦਾ
ਸੱਤੇ ਸਾਗਰ ਉੱਡ ਅਕਾਸ਼ੀਂ
ਬੱਦਲ ਬਣ ਬਣ ਭੁੱਲੇ
ਸੂਰਜ ਦੀ ਤੇਹ ਕੌਣ ਬੁਝਾਏ

ਗਜ਼ ਗਜ਼ ਲੰਮੇ ਕੇਸ ਗੋਰੀ ਦੇ
ਹਵਾ ਵਗੇ ਲਹਿਰਾਵਣ
ਕਿਰਨ ਕਿਰਨ ਵਿੱਚ ਸੂਰਜ ਉੱਤਰੇ
ਖਿਨ ਖਿਨ ਰੰਗ ਵਟਾਵਣ
ਬੂੰਦ ਬੂੰਦ ਧਰਤੀ ਤੇ ਨੱਚਣ
ਸੂਰਜ ਖੁਰ ਖੁਰ ਜਾਏ

ਸੂਰਜ ਸਾਹਵੇਂ ਖੜ ਕੇ ਗੋਰੀ
ਗਿੱਲੇ ਕੇਸ ਸੁਕਾਏ ।

## ਵਿਆਖਿਆ:

ਲੇਖਕ ਵੱਲੋਂ
ਵਤਨੋਂ ਦੂਰ
ਐਡੀਟੋਰੀਅਲ
ਬੋਰਡ
ਦੇ ਮੈਂਬਰਾਂ ਨੂੰ ਲਿਖੀ
ਚਿੱਠੀ ਦੇ
ਕੁਝ ਅੰਸ਼ →

ਪਿਆਰੇ ਅਜਮੇਰ/ਸੁਰਜੀਤ

ਤੁਹਾਡੇ ਬਾਰ ਬਾਰ ਕਹਿਣ ਤੇ ਇਕ ਗੀਤ ਘੱਲਕੇ ਭੇਜ ਰਿਹਾ ਹਾਂ- ਇਹ 'ਜ਼ੋਰ' ਲਾਕੇ ਘੜਿਆ ਗਿਆ ਹੈ। ਉਂਜ ਵੀ 11 ਸਾਲਾਂ ਬਾਅਦ ਇਹ ਕੁਝ ਪੰਕਤੀਆਂ ਜੋੜੀਆਂ ਹਨ- ਇਉਂ ਲਗਦੈ ਕਾਵਿ ਸ੍ਰੋਤ ਸੁਕ ਗਿਆ ਹੈ- ਕੁਝ ਫ਼ਿਲਾਸਫ਼ੀ ਅਤੇ ਤਰਕ ਦੇ ਅਧਿਐਨ ਨੇ ਕਲਪਣ ਦੇ ਖੰਭ ਕਮਜ਼ੋਰ ਕਰ ਦਿੱਤੇ ਹਨ।

ਇਸ ਗੀਤ ਵਿਚਲਾ ਅਨੁਭਵ ਇਕ ਲੰਬੀ ਖੁਲ੍ਹੀ ਕਵਿਤਾ ਦਾ ਰੂਪ ਮੰਗਦਾ ਸੀ- ਮੈਂ ਇਸ ਨਾਲ ਧੱਕਾ ਕੀਤਾ ਹੈ- ਹੋ ਸਕਦਾ ਹੈ ਇਹ ਤੁਹਾਨੂੰ ਅਸਪੱਸ਼ਟ ਲੱਗੇ- ਮੈਂ ਮਹਿਸੂਸ ਕਰਦਾ ਹਾਂ ਕਿ ਇਸਨੂੰ ਅਨੁਵਾਦ ਕਰਨਾ ਬੜਾ ਔਖਾ ਹੈ- ਸੋ ਸੰਖੇਪ ਵਿਆਖਿਆ ਹਾਜ਼ਰ ਹੈ- ਇਸ ਨਾਲ ਜੋ ਕੁਝ ਅਸਪੱਸ਼ਟ ਹੈ ਉਹ ਕੁਝ ਨਾ ਕੁਝ ਨਿਖਰ ਆਵੇਗਾ।

ਇਸਦਾ ਥੀਮ ਇਹ ਹੈ:— ਕਾਵਿ ਅਨੁਭਵ ਜਾਂ ਸਿਰਜਣਾਤਮਕ ਅਨੁਭਵ ਦਾ ਸੋਮਾ ( ਜ਼ਿੰਦਗੀ ) ਬਹੁ ਰੰਗਾ, ਨਿਤ ਨਵਾਂ, ਪਰਿਵਰਤਨਸ਼ੀਲ ਅਤੇ ਵੰਨ ਸੁਵੰਨਾ ਹੈ- ਇਸ ਕਰਕੇ ਸਿਰਜਣਾਤਮਕ/ਕਾਵਿਕ ਜਗਿਆਸਾ (POETIC QUEST ) ਕੇਵਲ ਇਕ ਦ੍ਰਿਸ਼ਟੀਕੋਣ, ਇਕ ਵਿਧੀ (method), ਮਰਯਾਦਾ ਵਿੱਚ ਬੰਨ੍ਹੀ ਨਹੀਂ ਜਾ ਸਕਦੀ। ਕਿਸੇ ਇਕ ਵਿਧੀ ਨਾਲ ਬੱਝਣ ਇਸਦੀ ਵੰਨ-ਸੁਵੰਨਤਾ ਤੋਂ ਮੂੰਹ ਫੇਰਨਾ ਹੈ।

'ਰਾਹ' ਵਿਧੀ, ਸਿਸਟਮ, ਦ੍ਰਿਸ਼ਟੀਕੋਣ ਦਾ ਪ੍ਰਤੀਕ ਹੈ। ਰਾਹ ਤੁਹਾਡੀ ਸਹਾਇਤਾ ਵੀ ਕਰ ਸਕਦਾ ਹੈ- ਪਰ ਤੁਹਾਨੂੰ ਕਿਸੇ ਹੱਦ ਤੱਕ ਗੁਲਾਮ ਵੀ ਬਣਾਉਂਦਾ ਹੈ- ਰਾਹ ਤੋਂ ਬੇਰਾਹ ਹੋਕੇ ਹੀ ਸਿਰਜਣਾਤਮਕ ਸੁਤੰਤਰਤਾ ਮਿਲ ਸਕਦੀ ਹੈ। ਰਾਹ ਤੇ ਤੁਰਦਿਆਂ ਤੁਸੀਂ ਉਹੀ ਧਰਤੀ ਛੋਹੋਂਗੇ ਜਿਹੜੀ ਪਹਿਲੇ ਰਾਹੀਆਂ ਨੇ ਛੋਹੀ ਹੋਵੇਗੀ- ਅਤੇ ਉਸੇ ਤਰਾਂ ਛੋਹੋਂਗੇ ਜਿਵੇਂ ਉਨ੍ਹਾਂ ਨੇ ਛੋਹੀ ਹੋਵੇਗੀ- ਇਹ ਇਕ ਪ੍ਰਕਾਰ ਨਾਲ ਜੂਠੀ ਛੋਹ ਹੋਵੇਗੀ-

ਸੋ ਪਹਿਲੇ ਬੰਦ ਵਿੱਚ ਪਹਿਲੀ ਵਾਰ ਧਰਤੀ ਛੋਹਣ ਤੋਂ ਇਹ ਭਾਵ ਹੈ- ਕਿ ਪਹਿਲੀ ਵਾਰ ਜ਼ਿੰਦਗੀ ਦਾ Genuine ਅਨੁਭਵ ਕੀਤਾ- ਇਹ ਅਨੁਭਵ ਖਰਵਾ ਹੈ ਕੰਡਿਆਲਾ ਹੈ- ਤੇ ਸ਼ਕਤੀਵਰ ਹੈ- 'ਰਾਹ' ਦਾ ਅਨੁਭਵ ਇਹੋ ਜਿਹਾ ਨਹੀਂ ਹੋ ਸਕਦਾ- ਕਿਉਂਕਿ ਰਾਹ ਵਿਚ ਰੋੜ੍ਹੇ ਕੰਡੇ ਕੰਕਰ ਖ਼ਤਮ ਹੋ ਜਾਂਦੇ ਹਨ। 'ਚਾਨਣ ਵਰਗਾ ਜ਼ਹਿਰ' ਤੋਂ ਸੰਕੇਤ ਹੈ ਕਿ ਬੇਰਾਹ ਹੋਣ ਤੋਂ ਭਾਵ anarchist ਹੋਣਾ ਨਹੀਂ ਹੈ- ਬੇਰਾਹ ਹੋਣ ਤੇ ਤੁਹਾਡੀ ਚੇਤਨਾ ਵੀ ਫੈਲਦੀ ਹੈ- 'ਬੇਰਾਹ' ਦਾ ਅਨੁਭਵ ਕੰਡਿਆਲਾ ਹੈ ਤੇ ਚੇਤਨਾਮਈ ਹੈ।

ਦੂਸਰੇ ਬੰਦ ਵਿੱਚ; ਵਿਧੀ, ਸਿਸਟਮ ਜਾਂ ਪਰੰਪਰਾ ਵਿੱਚ ਬੱਝਣ ਦੀ ਸੌਖ ਅਤੇ temptation ਧਿਆਨੀ ਗਈ ਹੈ- ਰਾਹ ਵਿਚ ਤੁਹਾਨੂੰ ਸਾਥ ਵੀ ਮਿਲਦਾ ਹੈ ਤੇ ਜਾਣਿਆ ਪਛਾਣਿਆ ਧਰਾਤਲ (ਵਤਨ) ਵੀ ਮਿਲਦਾ ਹੈ - ਬੇਰਾਹ ਹੋਕੇ ਤੁਸੀਂ ਸਭ ਪਾਸੇ ਅਜਨਬੀਪਣ, ਬੇਗਾਨਾਪਣ ਦੇ ਡੰਗ ਸਹੋਂਗੇ - ਮੇਰੇ ਖ਼ਿਆਲ ਵਿੱਚ ਸਿਰਜਣਾਤਮਕ ਅਨੁਭਵ ਦਾ ਇਹ ਪ੍ਰਮੁਖ ਲੱਛਣ ਹੈ।

'ਰੋਹੀ ਦਾ ਕੇਸੂ' ਵਾਲਾ ਬੰਦ ਇਸਤੋਂ ਪਹਿਲੇ ਬੰਦ ਦਾ contrast ਹੈ। ਰੋਹੀ ਦਾ ਕੇਸੂ ਬੇਰਾਹ ਸੁੰਦਰਤਾ ਦਾ ਪ੍ਰਤੀਕ ਹੈ। ਇਸ ਕੋਲ ਪਹੁੰਚਣ ਲਈ ਤੁਹਾਨੂੰ ਜੂਝਣਾ ਪਏਗਾ- ਲੜਨਾ ਪਏਗਾ।

ਆਖਰੀ ਸਤਰਾਂ ਤੋਂ anarchist view ਦਾ ਸ਼ੱਕ ਪੈਂਦਾ ਹੈ- ਇਹ ਕਿਸੇ ਹੱਦ ਤੱਕ ਸਹੀ ਵੀ ਹੈ- ਪਰ ਸਿਰਜਣਾਤਮਕ ਸੰਦਰਭ ਵਿੱਚ ਇਸਦਾ ਭਾਵ ਹੈ- ਕਿ ਕਵੀ ਜਾਂ ਕਲਾਕਾਰ ਕਿਸੇ ਦੇ ਮਗਰ ਨਹੀਂ ਲੱਗਣਾ ਚਾਹੁੰਦਾ; ਕਿਸੇ ਦੇ ਅਨੁਭਵ ਦੀ ਭੀਖ ਨਹੀਂ ਮੰਗਦਾ- ਅਤੇ ਨਾਂ ਹੀ ਉਹ ਇਹ ਚਾਹੁੰਦਾ ਹੈ ਕਿ ਕੋਈ ਉਸਦਾ ਅਨੁਭਵ ਕਲਾ ਵਿੱਚ ਦੁਹਰਾਵੇ- ਕਿਉਂਕਿ ਇਉਂ creative ਹੋਣ ਤੋਂ ਇਨਕਾਰ ਕਰਨਾ ਹੈ- ਮੈਂ ਬਚਪਨ ਦੀ ਖੇਡ 'ਹੱਥਾਂ ਨਾਲ ਬਣਾਇਆ ਸੀ ਪੈਰਾਂ ਨਾਲ ਢਾਇਆ ਸੀ' ਦੀ ਟੇਕ ਵਰਤੋਂ ਕੀਤੀ ਹੈ- ਇਹ ਗੱਲ ਬਹੁਤ ਗੁੰਝਲਦਾਰ ਹੈ- ਸੰਖੇਪ ਵਿੱਚ ਇਸਦਾ ਮਤਲਬ ਇਹ ਹੈ ਕਿ ਕਲਾਕਾਰ ਜਦੋਂ 'ਆਪਣੀ'ਮੂਰਤ' ਢਾਉਂਦਾ ਹੈ ਤਾਂ ਉਹ ਪਰੰਪਰਾ ਢਾਹੁੰਦਾ ਹੈ ਜਾਂ Status Quo ਢਾਹੁੰਦਾ ਹੈ। ਇਹ ਉਸਦੀ ਹੋਣੀ (Destiny) ਹੈ ਤੇ ਇਹੀ ਉਸਦੀ ਅਣਹੋਣੀ (Freedom ਜਾਂ non-destiny).

— ਨਵਤੇਜ

## 2. ਬੇ-ਰਾਹੇ ਮੇਰੇ ਪੈਰ

ਮਸਾਂ ਮਸਾਂ ਮੈਂ ਪੈਰਾਂ ਨਾਲੋਂ
'ਰਾਹ' ਦੇ ਸੰਗਲ ਤੋੜੇ
ਪਹਿਲੀ ਵਾਰੀ ਧਰਤੀ ਛੋਹੀ
ਕੰਡੇ ਕੰਕਰ ਰੋੜੇ
ਪਹਿਲਾ ਡੰਗ ਮਿੱਟੀ ਦਾ ਵੱਜਾ
ਚਾਨਣ ਵਰਗਾ ਜ਼ਹਿਰ

ਰਾਹ ਤੇ ਥਾਂ ਥਾਂ ਮਿੱਠੀ ਖਜੂਰੀ
ਖਿਲਰੀ ਲਟਕਣ ਛਾਵਾਂ
ਸੰਗੀ ਸਾਥੀ ਮੰਜ਼ਿਲ ਪੱਕੀ
ਵਤਨੋਂ ਆਉਣ ਹਵਾਵਾਂ
ਪਰ ਪੈਰਾਂ ਵਿੱਚ ਵਾਵਰੋਲੇ
ਭਾਲਣ ਵਿਖੜੇ ਸ਼ਹਿਰ

ਸੁੰਨ ਮਸੁੰਨੀ ਭਖਦੀ ਰੋਹੀ
ਕੇਸੂ ਹਾਕਾਂ ਮਾਰੇ
ਨੰਗੇ ਧੜ ਸੂਰਜ ਸੰਗ ਭਿੜਕੇ
ਜਾਣਾ ਯਾਰ ਦੁਆਰੇ
ਬਲਦੇ ਕੇਸੂ ਹੇਠਾਂ ਖੜਕੇ
ਕੱਟਣੀ ਤਿਖੜ ਦੁਪਹਿਰ

ਪੈੜਾਂ ਉਤੇ ਪੈਰ ਨਾ ਧਰਨਾ
ਆਪਣੀ ਪੈੜ ਨਾ ਪਾਉਣੀ
ਹੱਥਾਂ ਨਾਲ ਬਣਾਕੇ ਮੂਰਤ
ਪੈਰਾਂ ਨਾਲ ਮਿਟਾਉਣੀ
ਬੇਰਾਹੀਆਂ ਦੀ ਹੋਣੀ ਵੀ ਹੈ
ਅਣਹੋਣੀ ਦਾ ਕਹਿਰ

## 3. ਉਸ ਅਨੰਤ ਛਿਣ ਵਿੱਚ

ਉਸ ਅਨੰਤ ਛਿਣ ਵਿੱਚ
ਮੇਰੀਆਂ ਬਾਹਾਂ 'ਚ
ਇਕ ਨਦੀ ਲਹਿਰ ਲਹਿਰ ਵਗਦੀ
ਮੈਂ ਨਦੀ ਬਾਹਾਂ 'ਚ ਚੁੱਕੀ
ਹੋਂਦ ਦੇ ਰੇਗਿਸਤਾਨਾਂ 'ਚ
ਤੁਰਿਆ ਫਿਰਦਾ
ਬਲਦੀਆਂ ਰੇਤਾਂ 'ਚ
ਪਾਣੀ ਦੀ ਬੂੰਦ ਲਈ
ਤਰਸ ਤਰਸ ਮਰੀਆਂ ਸਦੀਆਂ ਨੂੰ
ਉਠਾ ਉਠਾ ਕੇ ਪਾਣੀ ਪਿਆਉਂਦਾ
ਮੈਂ ਅੱਗੇ ਅੱਗੇ ਤੁਰਦਾ
ਮੇਰੇ ਮਗਰ ਮਗਰ
ਹਿਰਨੀਆਂ ਵਾਂਗ ਬੁਥੀਆਂ ਚੁੱਕੀ
ਤੁਰੀਆਂ ਆਉਂਦੀਆਂ ਸਦੀਆਂ

ਉਸ ਅਨੰਤ ਛਿਣ ਵਿੱਚ
ਮੇਰੀਆਂ ਬਾਹਾਂ 'ਚ
ਇਕ ਨਦੀ ਲਹਿਰ ਲਹਿਰ ਵਗਦੀ
ਮੈਂ ਭੇਡਾਂ ਚਾਰਦੇ ਇਆਲੀਆਂ ਨੂੰ
ਖੜ ਕੇ ਪੁੱਛਦਾ :
"ਬੇਲੀਓ ! ਆਹ ਪੈੜ ਕਿਸਦੀ
ਮੇਰੇ ਅੱਗੇ ਅੱਗੇ ਤੁਰੀ ਜਾਂਦੀ ?"
ਆਖਦੇ ਉਹ :—
ਤਿੱਖੜ ਦੁਪਹਿਰੇ
ਇਕ ਫ਼ਕੀਰਨੀ ਜਿਹੀ
ਖੁੱਲੇ ਵਾਲਾਂ ਵਾਲੀ
ਪਰਲੇ ਟਿੱਬਿਆਂ ਤੋਂ ਆਉਂਦੀ
ਤੇ ਪਾਣੀ ਨੂੰ ਹਾਕਾਂ ਮਾਰਦੀ
ਵਰੋਲੇ 'ਚ ਓਝਲ ਹੋ ਜਾਂਵਦੀ

ਮੈਨੂੰ ਵੀ ਕਦੇ ਕਦੇ
ਉਸਦੀ ਹਾਕ ਸੁਣਦੀ
ਕਦੇ ਕਦੇ ਕਿਸੇ ਪੈੜ ਵਿੱਚੋਂ
ਕੋਈ ਤਿਰਹਾਈ ਸੂਰਤ
ਉਠ ਖੜਦੀ
ਤੇ ਛਿਪਨ ਛੋਤ ਹੋ ਜਾਂਦੀ
ਮੈਂ ਬਾਹਾਂ 'ਚ ਨਦੀ ਚੁੱਕੀ
ਭਾਲਦਾ ਫਿਰਦਾ ਥਲ ਦੀ ਰੂਹ ਨੂੰ
ਮੈਂ ਕਦ ਮਿਲਾਂਗਾ ਉਸ ਨੂੰ ?

ਉਸ ਅਨੰਤ ਛਿਣ ਵਿਚ
ਮੇਰੀਆਂ ਬਾਹਾਂ 'ਚ
ਇਕ ਨਦੀ ਲਹਿਰ ਲਹਿਰ ਵਗਦੀ

## 4. ਸੁਪਨ-ਸੱਚ

ਇਕੀ ਰਾਤ
ਮੈਂ ਉਸਦੇ ਸਿਰਹਾਣੇ ਜਾ ਖੜਾ
ਖੁੱਲੇ ਕੇਸ, ਇੱਕ ਹੱਥ ਸੀਨੇ ਤੇ
ਉਹ ਚਾਨਣੀ 'ਚ ਲਿਪਟੀ
ਅਣਭੋਲ ਸੁੱਤੀ ਪਈ ਸੀ
ਉਸਦੇ ਹੋਠਾਂ ਤੇ
ਮੱਧਮ ਜਿਹੀ ਮੁਸਕਰਾਹਟ ਸੀ
ਮਸਤਕ ਤੇ ਇੱਕ ਲਿਟ ਖੇਲ ਰਹੀ ਸੀ
ਮੈਂ ਸੁੱਤੀ ਸੁੰਦਰਤਾ ਦੇ
ਅਦਬ ਵਿਚ ਖੜ ਗਿਆ
ਮੇਰਾ ਜੀਅ ਕੀਤਾ
ਕਿ ਉਸ ਅਲਕਾਂ ਨਾਲ ਖੇਲਣ ਲੱਗ ਜਾਵਾਂ
ਤੇ ਇਸ ਚੰਦਰਮਾ 'ਤੇ
ਇੱਕ ਭਰਪੂਰ ਨਿੱਘਾ ਚੁੰਮਣ ਦਿਆਂ
ਮੈਂ ਝੁਕਣ ਹੀ ਲੱਗਾ ਸੀ
ਕਿ ਇੱਕ ਤਾਰਾ ਟੁੱਟ ਕੇ
ਬੁਝ ਗਿਆ

... ... ... ...

ਇਹ ਕਿਤੇ ਸੁਪਨਾ ਤਾਂ ਨਹੀਂ
ਜੋ ਹੱਥ ਲਾਇਆਂ ਕਿਰਸ ਜਾਵੇ
ਮੈਂ ਮਲਕੜੇ ਜਿਹੇ ਬੈਠ ਗਿਆ
ਉਸ ਮਹਾਂ-ਰਹੱਸ ਦੇ ਸਿਰਹਾਣੇ
ਉਸ ਸੁਪਨ-ਸੱਚ ਦੇ ਨੇੜੇ
ਦੂਰ ਕਿਤੇ ਕੋਈ ਪੰਛੀ ਕੁਰਲਾਇਆ

... ... ... ...

ਮੈਂ ਅਛੋਪਲੇ ਜਿਹੇ
ਉਸਦੇ ਕੰਨ ਵਿੱਚ ਕਿਹਾ
ਸੁੰਦਰਾਂ ! ਮੈਂ ਜਾਣ ਲੱਗਾ ਹਾਂ
ਮੇਰਾ ਵੇਲਾ ਹੋ ਗਿਆ ਹੈ

ਤੂੰ ਸਵੇਰੇ ਉਠ ਕੇ ਸੋਚੇਂਗੀ
ਕਿਹਾ ਅਜੀਬ ਸੁਪਨਾ ਸੀ
ਪਰ ਤੈਨੂੰ ਕੌਣ ਦੱਸੇਗਾ
ਕਿ ਇਹ ਸੁਪਨਾ ਨਹੀਂ ਸੀ
ਇਹ 'ਸੱਚ' ਸੀ
ਜੋ ਸੁੱਤੀ ਸੁੰਦਰਤਾ ਦੇ ਸਿਰਹਾਣੇ
ਆ ਕੇ ਮੁੜ ਜਾਂਦਾ ਹੈ ।

## 5. ਗੀਤ

ਸੰਝ ਪਈ ਤੋਂ ਡੁੱਬਿਆ ਸੂਰਜ,
ਮਨ ਕਾਹਤੋਂ ਭਰ ਆਇਆ ।
ਚੰਦਰੀ ਯਾਦ ਨੇ ਕਿਹੜੇ ਵੇਲੇ,
ਸੁੱਤਾ ਦਰਦ ਜਗਾਇਆ ।

ਜੇ ਕੂੰਜਾਂ ਨੇ ਤੁਰ ਜਾਣਾ ਸੀ,
ਗੀਤ ਨੀ ਕਾਹਤੋਂ ਗਾਏ ।
ਅਸੀਂ ਤਾਂ ਖ਼ਾਲੀ ਅੰਬਰ ਤੱਕ ਤਕ
ਰੋਗ ਨੈਣਾਂ ਨੂੰ ਲਾਏ ।

ਡੁੱਬਦਾ ਸੂਰਜ ਬੱਦਲ ਸਾੜੇ,
ਤ੍ਰਭਕੇ ਜੀਅ ਨਿਮਾਣਾ ।
ਕਾਇਆ ਦੇ ਕੱਖ ਕਾਣ ਸਾੜ ਕੇ,
ਜੋਬਨ ਨੇ ਤੁਰ ਜਾਣਾ ।

ਕਿਹੜੀ ਚੀਜ਼ ਗੁਆਚੀ ਜਿੰਦੇ,
ਬਾਲਕ ਵਾਂਗੂੰ ਰੋਏਂ ।
ਕਿਹੜੀ ਕਰਕ ਕਲੇਜੇ ਸਾਂਭੀ,
ਭਾਰ ਉਮਰ ਦਾ ਢੋਏਂ ।

ਏਸ ਦੁਮੇਲ ਦੇ ਪਰਲੇ ਪਾਰੋਂ,
ਹਾਕ ਅਸਾਂ ਨੂੰ ਆਏ ।
ਲੈ ਨੀ ਜਿੰਦੇ ਏਸ ਝੀਲ ਤੋਂ,
ਤੁਰ ਚੱਲੇ ਤਿਰਹਾਏ ।

## 6. ਇਹ ਅੱਥਰੂ

ਇਹ ਅੱਥਰੂ ਬਸ ਕਿਰਿਆ ਈ ਕਿਰਿਆ
ਜੋ ਨੈਣਾਂ ਵਿੱਚ ਆਇਆ
ਉਹ ਅੱਥਰੂ ਵੀ ਕਿਰ ਜਾਵੇਗਾ
ਜੋ ਨੈਣਾਂ ਵਿਚ ਆਣਾ
ਪੁੱਛ ਅੜੀਏ ! ਇਹ ਰਮਤਾ ਜੋਗੀ
ਕੌਣ ਦੇਸ਼ 'ਚੋਂ ਆਇਆ,
ਨੈਣਾਂ ਦੀ ਨਗਰੀ ਤੋਂ ਅੱਗੇ
ਕੌਣ ਦਿਸ਼ਾ ਵੱਲ ਜਾਣਾ ।

**FOR ALL KINDS OF REAL ESTATE SERVICES CONTACT**



OFFICE
736-3831

RES.
433-3334

**DARSHAN BRAR MA**

Real Estate Board Award Winner

Member Medallion Club & Master Member

**UNITED REALTY LTD.**

3879 Oak St.
Vancouver

**LICENSED**

# RAJA RESTAURANT

*Specializing in:*
BANQUETS & CATERING, PRIVATE HOME PARTIES
– DINE IN OR TAKE OUT –

**7271 MAIN STREET, VANCOUVER, B.C.**

**WINTER HOURS:**
Monday to Friday – 4:00 to 10:30 p.m.
Saturday & Sunday – 11:00 to 11:00 p.m.

**FOR PARTY CATERING CONTACT:** **BALWANT 325-5014**

**PHONE ANY TIME FOR NEW & USED CARS and HALF TON TRUCKS**



# MAJER SINGH DHALIWAL

**CAR SALESMAN**

ਨਵੀਂ ਜਾਂ ਪੁਰਾਣੀ ਕਾਰ, ਵੈਗਨ ਜਾਂ ਪਿਕਅੱਪ ਅਤੇ ਟਰੱਕ ਆਦਿਕ ਅੱਛੀ
ਖਾਸ ਸਸਤੀਆਂ ਕੀਮਤਾਂ ਤੇ ਖਰੀਦਣ ਲਈ ਮੇਜਰ ਸਿੰਘ ਧਾਲੀਵਾਲ
ਨੂੰ ਮਿਲੋ ਜੋ 641–LOUGHEED HWY. (NEAR LOUGHEED MALL)
COQUITLAM, ਵਿਚ ਕਾਰ ਸੇਲਜ਼ਮੈਨ ਹਨ। ਵਧੇਰੇ ਵਾਕਫੀ ਲਈ ਘਰ
594-2838 ਤੇ ਫੋਨ ਕਰੋ। ਗੈਰੇਜ ਵਿੱਚ ਪੁੱਜਕੇ ਮੈਨੇਜਰ ਨੂੰ ਕਹੋ
ਕਿ ਤੁਸੀਂ ਮੇਜਰ ਸਿੰਘ ਧਾਲੀਵਾਲ ਨੂੰ ਮਿਲਣਾ ਹੈ।

Bus.
937-7711



Res.
594-2838

**GARY PONTIAC-BUICK & GMC LTD.**

BUYING, SELLING, TRADING?
PROFESSIONAL SALESMEN TO SERVE YOU AND YOUR PARTICULAR REAL ESTATE NEEDS.
CALL AT

OFFICE
872-0131

RES.
278-5443



# Amarjit Gill

**MARS REALTY**

1437 Kingsway
Vancouver

# ਪੱਛਮੀ ਸੱਭਿਅਤਾ

ਗੁਲਜ਼ਾਰ ਸਿੰਘ ਸੰਧੂ

ਸਾਡਾ ਵਿਆਹ ਹੋਇਆ ਤਾਂ ਮੇਰੇ ਤੇ ਮੇਰੀ ਬੰਗਾਲਣ ਵਹੁਟੀ ਦੇ ਰਿਸ਼ਤੇਦਾਰਾਂ ਤੇ ਸਾਥੀਆਂ ਵਲੋਂ ਰੋਟੀ ਲਈ ਸੱਦੇ ਆਉਣੇ ਸ਼ੁਰੂ ਹੋ ਗਏ। ਮੈਂ ਆਪਣੇ ਮਿਤਰਾਂ ਨੂੰ ਤਾਂ ਕਿਸੇ ਨਾ ਕਿਸੇ ਬਹਾਨੇ ਟਾਲ ਦਿਤਾ, ਪਰ ਵਹੁਟੀ ਦੇ ਵਾਕਫ਼ਾਂ ਨੂੰ ਨਾਂਹ ਕਰਨਾ ਮੁਸ਼ਕਲ ਹੋ ਰਿਹਾ ਸੀ। ਮੈਨੂੰ ਕਿਸੇ ਅਜਿਹੇ ਘਰ ਜਾਣਾ ਔਖਾ ਲਗਦਾ ਹੈ ਜਿਥੇ ਸਿੱਧਾ ਰਸੋਈ ਵਿਚ ਜਾ ਕੇ ਉਸ ਘਰ ਦੀ ਸੁਆਣੀ ਨਾਲ ਗੱਲਾਂ ਨਹੀਂ ਕਰ ਸਕਦਾ ਜਾਂ ਘਟੋ .ਘੱਟ ਆਪਣਾ ਹੀ ਘਰ ਸਮਝ ਕੇ ਨਿਸ਼ੰਗ ਨਹੀਂ ਬੈਠ ਸਕਦਾ। ਸਿਰ ਗੰਜਾ, ਦਾੜ੍ਹੀ ਖੋਦੀ, ਬੁੱਲ੍ਹ ਮੋਟੇ ਤੇ ਰੰਨ ਵਡੇ ਹੋਣ ਦੀ ਘਾਟ ਪੂਰੀ ਕਰਨ ਲਈ ਮੈਨੂੰ ਗੱਲ ਬਾਤ ਸਮੇਂ ਚੁਕੰਨਿਆਂ ਰਹਿਣਾ ਪੈਂਦਾ ਹੈ। ਜੇ ਕੋਈ ਖ਼ਾਸ ਹੀ ਘਟਨਾ ਦੇ ਪ੍ਰਭਾਵ ਥੱਲੇ ਨਾ ਹੋਵਾਂ ਤਾਂ ਬੰਡੇ ਕੀਤੇ ਮਹਿਫਲ ਵਿਚ ਜਾਂ ਚਾਰ ਬੰਦਿਆਂ ਵਿਚ ਬੈਠਾ ਮਾਰ ਵੀ ਨਹੀਂ ਖਾਂਦਾ। ਤੇ ਸ਼ਾਇਦ ਇਹੀਓ ਕਾਰਨ ਸੀ ਕਿ ਮੇਰੀ ਵਹੁਟੀ ਵੀ ਆਪਣੀ ਪ੍ਰਾਪਤ ਕੀਤੀ ਹੋਈ ਬਾਹਰੋਂ ਵਿੰਗ ਤੜਿੰਗੀ ਤੇ ਅੰਦਰੋਂ ਚੁਸਤ ਚੀਜ਼ ਨੂੰ ਪੇਸ਼ ਕਰਨਾ ਜ਼ਰੂਰੀ ਸਮਝਦੀ ਸੀ।

ਕਈ ਵਾਰੀ ਉਚੇਚਾ ਤਿਆਰ ਹੋ ਕੇ ਜਾਈਏ ਤਾਂ ਗੱਲ ਵੀ ਨਹੀਂ ਫੁਰਦੀ। ਜੇ ਗੱਲ ਨਾ ਕਰਾਂ ਤਾਂ ਮੈਂ ਸਚਮੁਚ ਹੀ ਘੁਗੂ ਕੰਨਾ ਜਿਹਾ ਲਗਦਾ ਹਾਂ। ਕਿਸੇ ਦੇ ਘਰ ਜਾਂਦਿਆਂ ਮੈਨੂੰ ਘੁਗੂ ਕੰਨਾ ਬਣ ਜਾਣ ਦਾ ਡਰ ਰਹਿੰਦਾ। ਮੈਂ ਕਿਸੇ ਨਾ ਕਿਸੇ ਬਹਾਨੇ ਜਾਂ ਤੇ ਉੱਕੀ ਹੀ ਨਾਂਹ ਕਰ ਦਿੰਦਾ ਤੇ ਹੋਰ ਨਹੀਂ ਤਾਂ ਦਾਅਵਤ ਹੀ ਅਗੇ ਪੁਆ ਦਿੰਦਾ।

ਪਰ ਮੇਰੀ ਵਹੁਟੀ ਨੂੰ ਦਾਅਵਤ ਕਰਨਾ ਤੇ ਦਾਅਵਤਾਂ ਉਤੇ ਜਾਣਾ ਬੜਾ ਚੰਗਾ ਲਗਦਾ ਹੈ। ਜਿਸ ਕਿਸੇ ਨੂੰ ਵੀ ਉਸ ਕਦੀ ਰੋਟੀ ਕੀਤੀ ਹੋਈ ਸੀ, ਉਸ ਵਲੋਂ ਸੱਦਾ ਕੁਦਰਤੀ ਸੀ। ਬਹੁਤੇ ਸੱਦੇ ਇਸ ਲਈ ਵੀ ਆ ਜਾਂਦੇ ਸਨ ਕਿ ਲੋਕ ਰਾਜਸਥਾਨੀ ਮਰਦ ਨਾਲ ਬੰਗਾਲੀ ਕੁੜੀ ਦਾ ਮੇਲ ਵੇਖਣ ਚਾਹਵਾਨ ਸਨ।

ਇਕ ਦਿਨ ਫੋਰਡ ਫਾਊਂਡੇਸ਼ਨ ਦੇ ਇਕ ਸਲਾਹਕਾਰ ਦਾ ਅਰਦਲੀ ਆ ਗਿਆ। ਮੇਰੀ ਵਹੁਟੀ ਨੇ ਝਕਦਿਆਂ ਝਕਦਿਆਂ ਦਸਿਆ ਕਿ ਰੋਟੀ ਦਾ ਸੱਦਾ ਸੀ। ਇਥੇ ਮੇਰੀ ਵਹੁਟੀ ਲਈ ਆਪਣਾ ਇਹ ਨਮੂਨਾ ਪੇਸ਼ ਕਰਨਾ ਕਿੰਨਾ ਕੁ ਜ਼ਰੂਰੀ ਸੀ, ਮੈਂ ਅਪਣੀ ਖੋਦੀ ਦਾੜ੍ਹੀ ਉਤੇ ਹੱਥ ਰਖ ਸੋਚਣ ਲਗ ਪਿਆ।

"ਇਹ ਅਮਰੀਕਨ ਜੋੜਾ ਸ਼ਾਂਤੀ ਨਿਕੇਤਨ ਮੇਰਾ ਵਾਕਫ਼ ਬਣਿਆ ਸੀ। ਅਸੀਂ ਇਕੱਠੇ ਕੰਮ ਕਰਦੇ ਰਹੇ ਹਾਂ। ਬੜਾ ਲਾਇਕ ਤੇ ਮਿਲਣਸਾਰ ਪਰਵਾਰ ਹੈ। ਇਸ ਦੀ ਪਤਨੀ ਤੇ ਬੱਚੇ ਮੈਨੂੰ ਬੜਾ ਪਿਆਰ ਕਰਦੇ ਹਨ। ਬੜੇ ਹੀ ਨਿੱਘੇ ਬੰਦੇ ਹਨ। ਪਾਣੀ ਵਾਂਗ ਸਾਫ਼ ਤੇ ਸੁੱਚੇ।" ਏਨਾ ਕਹਿ ਕੇ ਉਹ ਮੇਰੇ ਚਿਹਰੇ ਦਾ ਪ੍ਰਭਾਵ ਪੜ੍ਹਨ ਲਈ ਰੁਕ ਗਈ। "ਮੈਂ ਇਹਨਾਂ ਨੂੰ ਬੰਗਲਾ ਭੋਜਨ ਬਣਾ ਕੇ ਖੁਆਂਦੀ ਰਹੀ ਹਾਂ।" ਉਸ ਨੇ ਮੇਰੇ ਚਿਹਰੇ ਦਾ ਪ੍ਰਭਾਵ ਨਾ ਬਦਲਦਾ ਦੇਖ ਆਪਣੀ ਮਜਬੂਰੀ ਜਤਾਈ। ਜਿਵੇਂ ਜਿਸ ਨੂੰ ਰੋਟੀ ਖੁਆ ਬੈਠੀਏ ਉਸ ਦੇ ਘਰ ਖਾਣੀ ਵੀ ਓਨੀ ਹੀ ਲਾਜ਼ਮੀ ਹੁੰਦੀ ਹੈ।

ਬਾਹਰੋਂ ਆ ਕੇ ਆਪਣੇ ਦੇਸ਼ ਨੌਕਰੀ ਕਰਨ ਵਾਲਿਆਂ ਦੀ ਰੋਟੀ, ਲਈ ਨਾਂਹ ਕਰਨਾ ਬਦਤਮੀਜ਼ੀ ਗਿਣੀ ਜਾ ਸਕਦੀ ਸੀ, ਮੈਂ ਵੀ ਸੋਚਿਆ। ਤੇ ਹਾਂ ਕਰ ਦਿਤੀ।

"ਅਸੀਂ ਤੇਰੇ ਪਤੀ ਨੂੰ ਮਿਲ ਕੇ ਉਸ ਨਾਲ ਕੁਝ ਸਮਾਂ ਬਿਤਾਣਾ ਚਾਹੁੰਦੇ ਹਾਂ, ਕੀ ਤੁਸੀਂ ਸਾਡੀ ਇਹ ਸਧਰ ਪੂਰੀ ਕਰਨ ਲਈ ਪਰਸੋਂ ਸਾਡੇ ਘਰ ਖਾਣੇ ਉਤੇ ਆ ਸਕਦੇ ਹੋ।" ਸੱਦਾ ਪੱਤਰ ਮੇਰੇ ਹੱਥ ਵਿਚ ਸੀ।

ਜ਼ਰੂਰ ਜਾ ਸਕਦੇ ਸਾਂ, ਹਾਂ ਵੀ ਕਰ ਬੈਠੇ ਸਾਂ। ਪਰ ਮੈਨੂੰ ਦੋ ਦਿਨ ਇਹੀਓ ਚਿੰਤਾ ਲੱਗੀ ਰਹੀ ਕਿ ਮੈਂ ਉਹਨਾਂ ਨਾਲ ਕੀ ਗੱਲਾਂ ਕਰਾਂਗਾ। ਆਪਣੇ ਜਾਂ ਉਹਨਾਂ ਦੇ ਦਫ਼ਤਰਾਂ ਦੀਆਂ ਗੱਲਾਂ ਕਰਨੀਆਂ ਉਂਝ ਹੀ ਫ਼ਜ਼ੂਲ ਸਨ। ਠੱਠੇ ਮਜ਼ਾਕਾਂ ਦਾ ਅੰਗਰੇਜ਼ੀ ਉਲਥਾ ਹੁੰਦਿਆਂ ਸਾਰ ਹੀ ਭੜਥਾ ਬਣ ਜਾਂਦਾ ਹੈ। ਉਹਨਾਂ ਦੀ ਰਾਜਨੀਤੀ ਦੀ ਮੈਨੂੰ ਸਮਝ ਨਹੀਂ ਸੀ ਸਾਡੀ ਰਾਜਨੀਤੀ ਦੀ ਗੱਲ ਉਹਨਾਂ ਦੇ ਪੱਲੇ ਨਹੀਂ ਸੀ ਪੈਣੀ। ਰਾਜਪੂਤਾਂ ਤੇ ਰਾਜਸਥਾਨ ਦੇ ਥਲਾਂ ਸਬੰਧੀ ਹੁਣ ਤੱਕ ਉਹ ਵੀ ਓਨਾ ਕੁ ਜਾਣ ਚੁਕੇ ਹੋਣਗੇ ਜਿੰਨਾ ਕੁ ਈਸਾਈ ਧਰਮ ਬਾਰੇ ਮੈਂ ਜਾਣ ਚੁੱਕਾ ਸਾਂ। ਸਭ ਤੋਂ ਵੱਡੀ ਝਿਜਕ ਵਾਲੀ ਗੱਲ ਇਹ ਸੀ ਕਿ ਮੈਨੂੰ ਅੱਧੇ ਨਾਲੋਂ ਵਧੇਰੇ ਅਮ੍ਰੀਕਨਾਂ 'ਦਾ ਉਚਾਰਣ ਜਾਂ ਗੱਲ ਕਰਨ ਦਾ ਅੰਦਾਜ਼ ਸਮਝ ਨਹੀਂ ਸੀ ਪੈਂਦਾ। ਕਈ ਵਾਰੀ ਏਦਾਂ ਵੀ ਹੋ ਜਾਂਦਾ ਸੀ ਜਿਵੇਂ ਬੋਲਾ ਬੋਲੇ ਨਾਲ ਗੱਲ ਕਰਦਾ ਹੈ। ਤੇ ਇਹ ਪ੍ਰਭਾਵ ਮੈਂ ਆਪਣੀ ਵਹੁਟੀ ਦੇ ਵਾਕਫ਼ਾਂ ਉਤੇ ਨਹੀਂ ਸੀ ਪੈਣ ਦੇਣਾ ਚਾਹੁੰਦਾ। ਇਹ ਘੁੱਗੂ ਕੰਨਾ ਬਣਨ ਨਾਲੋਂ ਵੀ ਭੈੜੀ ਗੱਲ ਸੀ।

ਤੁਰਨ ਲਗਿਆਂ ਇਕ ਹੋਰ ਦੁਬਿਧਾ ਪੈਦਾ ਹੋ ਗਈ। ਇਹ ਸਾਡੀ ਦੋਹਾਂ ਦੀ ਸਾਂਝੀ ਸੀ। ਜਾਈਏ ਤਾਂ ਕਿਵੇਂ ਜਾਈਏ। ਟੈਕਸੀ ਲੈ ਕੇ ਕਿੰਗਜ਼ਵੇ ਕੈਂਪ ਤੋਂ ਸੁਜਾਨ ਸਿੰਘ ਪਾਰਕ ਜਾਂਦੇ ਸਾਂ ਤਾਂ ਵੀਹ ਰੁਪਏ ਕਰਾਇਆ ਹੀ ਬਣ ਜਾਂਦਾ ਸੀ। ਆਪਣੀ ਕਾਰ ਦੀ ਹਾਲਤ ਉਂਝ ਭੈੜੀ ਸੀ। ਕੁਝ ਹੀ ਦਿਨ ਪਹਿਲਾਂ ਕਿਸੇ ਦੇ ਘਰੋਂ ਰੋਟੀ ਖਾ ਕੇ ਪਰਤਦਿਆਂ ਰਾਹ ਵਿਚ ਉਲਟ ਗਈ ਸੀ। ਇੰਜਣ ਵਿਚ ਤਾਂ ਕੋਈ ਨੁਕਸ ਨਹੀਂ ਸੀ ਪਿਆ ਦਰਵਾਜ਼ੇ ਮੁਸ਼ਕਲ ਨਾਲ ਹੀ ਅੜਦੇ ਖੁਲ੍ਹਦੇ ਸਨ। ਆਪਣੇ ਕੰਮ ਲਈ ਚਲਾਈ ਵੀ ਫਿਰਦੇ ਸਾਂ। ਪਰ ਦੇਖਣ ਨੂੰ ਬਹੁਤ ਭੈੜਾ ਹਾਲ ਸੀ। ਅਗਲਾ ਬੰਪਰ ਤੇ ਗਰਿੱਲ ਲੁਹਾ ਕੇ ਰਖ ਦਿਤੇ ਸਨ। ਪਿਛਲਾ ਇਕ ਪਾਸੇ ਦਾ ਮੈਡਗਾਰਡ ਨਾਂ ਹੋਣ ਬਰਾਬਰ ਹੀ ਸੀ। ਛੱਤ ਵਿਚਕਾਰੋਂ ਬੈਠ ਜਾਣ ਕਾਰਨ ਟੁੱਟੀ ਹੋਈ ਪੰਘੂੜੀ ਵਾਂਗ ਜਾਪਦੀ ਸੀ। ਇਸ ਨੂੰ ਲਿਜਾਇਆਂ ਜਲੂਸ ਨਿਕਲਦਾ ਸੀ। ਇਸ ਗੱਲ ਨਾਲ ਮੇਰੀ ਵਹੁਟੀ ਵੀ ਸਹਿਮਤ ਸੀ।

"ਚਲੋ ਬਾਹਰ ਸੜਕ ਉਤੇ ਹੀ ਖੜੀ ਕਰ ਜਾਵਾਂਗੇ, ਆਪਣੀ ਸਵਾਰੀ ਆਪਣੀ ਹੀ ਹੁੰਦੀ ਹੈ ਜਦੋਂ ਜੀ ਕੀਤਾ ਰੋੜ੍ਹ ਲਈ।" ਮੈਂ ਦਲੀਲ ਦਿਤੀ ਤੇ ਅਸੀਂ ਮੇਜ਼ਬਾਨਾਂ ਦੀ ਘੰਟੀ ਜਾ ਬਜਾਈ।

"ਹਾਇ ਚੇਂਡਰਾ (ਚੰਦਰਾ) ਤੇਰਾ ਹਸਬੈਂਡ ਕਿੰਨਾ ਹੈਂਡਸਮ ਏ ? ਤੂੰ ਕਿੰਨੀ ਖ਼ੁਸ਼ਕਿਸਮਤ ਏਂ।" ਸ੍ਰੀਮਤੀ ਮੇਜ਼ਬਾਨ ਨੇ ਜੀ ਆਇਆਂ ਨੂੰ ਕਿਹਾ ਤੇ ਮੇਰੇ ਨਾਲ ਪੱਛਮੀ ਢੰਗ ਨਾਲ ਹੱਥ ਮਿਲਾ ਕੇ ਪੂਰਬੀ ਢੰਗ ਨਾਲ ਮੈਨੂੰ ਆਪਣੀ ਬਗਲ ਵਿਚ ਲੈ ਲਿਆ।

ਮੈਂ ਉਸ ਦਾ ਸੱਚੇ ਦਿਲੋਂ ਸ਼ੁਕਰੀਆ ਕੀਤਾ। ਹੋਰ ਹੈਂਡਸਮ ਬੰਦੇ ਕਿਹੋ ਜਿਹੇ ਹੁੰਦੇ ਹਨ, ਮੈਂ ਆਪਣੇ ਆਪ ਨੂੰ ਸਮਝਾਇਆ। ਉਂਝ ਵੀ ਮੇਰੇ ਵੇਖਣ ਵਿਚ ਆਇਆ ਸੀ ਕਿ ਇਹਨਾਂ ਪਛਮੀ ਮੇਮਾਂ ਨੂੰ ਵਿੰਗ ਤੜਿੰਗੇ ਮਰਦ ਹੀ ਚੰਗੇ ਲਗਦੇ ਸਨ।

"ਪਰ ਤੈਨੂੰ ਦਸਾਂ ਤੇਰੀ ਚੇਂਡਰਾ ਵੀ ਕਮਾਲ ਏ। ਇਸ ਦੇ ਦੰਦਾਂ ਉਤੇ ਮੈਨੂੰ ਰਸ਼ਕ ਆਉਂਦਾ ਏ। ਬੜੀ ਸ੍ਵੀਟ ਤੇ ਮਿਲਣ ਸਾਰ। ਸਾਡਾ ਦਿੱਲੀ ਦੀ ਨੌਕਰੀ ਪਰਵਾਨ ਕਰਨ ਦਾ ਇਕ ਕਾਰਨ ਇਹ ਵੀ ਸੀ ਕਿ ਇਥੇ ਸ੍ਵੀਟ ਚੇਂਡਰਾ ਰਹਿੰਦੀ ਸੀ।" ਬੈਠਣ ਤੋਂ ਪਹਿਲਾਂ ਹੀ ਉਹ ਇਕੋ ਸਾਹ ਕਿੰਨਾ ਕੁਝ ਕਹਿ ਗਈ। ਮੇਰੀ ਵਹੁਟੀ ਬਾਰੇ ਇਹ ਵਾਕ ਹੋਰ ਵੀ ਦਰੁਸਤ ਸਨ ਜਿਸ ਦਾ ਰੰਗ ਕਾਲਾ ਹੈ ਤੇ ਦੰਦ ਚਿੱਟੇ।

ਮੇਮ ਦਾ ਉਚਾਰਣ ਬਿਲਕੁਲ ਸਾਫ਼ ਸੀ। ਉਸ ਦੇ ਕਹਿਣ ਦੇ ਢੰਗ ਵਿਚ ਏਨਾ ਨਿੱਘ ਤੇ ਈਮਾਨਦਾਰੀ ਸੀ ਕਿ ਮੈਂ ਆਪਣੇ ਆਪ ਨੂੰ ਦੇਵ ਨਗਰੀ ਆਇਆ ਅਨੁਭਵ ਕਰ ਰਿਹਾ ਸਾਂ। ਕੋਈ ਸੱਚੇ ਦਿਲੋਂ ਤੁਹਾਡੀ ਸਿਫ਼ਤ ਕਰੇ ਕਿੰਨੀ ਖ਼ੁਸ਼ੀ ਹੁੰਦੀ ਹੈ। ਮੈਨੂੰ ਆਪਣੀ ਵਹੁਟੀ ਚੰਗੀ ਚੰਗੀ ਲਗ ਰਹੀ ਸੀ।

"ਬਹੁਤ ਬਹੁਤ ਸ਼ੁਕਰੀਆ" ਕਹਿ ਕੇ ਮੈਂ ਸੋਫ਼ੇ ਉਤੇ ਬੈਠ ਗਿਆ।

ਉਹਨਾਂ ਮੇਰੇ ਕੰਮ ਬਾਰੇ ਪੁੱਛਿਆ। ਤੇ ਫੇਰ ਮੇਰੀ ਖੇਡ ਬਾਰੇ। ਕੀ ਖੇਡਦਾ ਹਾਂ, ਕਿਉਂ ਖੇਡਦਾ ਹਾਂ, ਕਿਵੇਂ ਖੇਡਦਾ ਹਾਂ। ਮੈਂ ਦਸਣਾ ਭੁਲ ਗਿਆ ਸੀ ਕਿ ਮੈਂ ਚੰਗਾ ਦੌੜਦਾ ਹਾਂ ਤੇ ਮੇਰੀ ਵਹੁਟੀ ਮੈਨੂੰ ਦੌੜਦਿਆਂ ਤੱਕ ਹੀ ਮੇਰੇ ਤੋਂ ਪ੍ਰਭਾਵਤ ਹੋਈ ਸੀ।

ਮੈਨੂੰ ਚੰਗੀ ਤਰ੍ਹਾਂ ਚੇਤਾ ਨਹੀਂ ਕਿ ਮੈਂ ਕੀ ਉਤਰ ਦਿਤੇ, ਪਰ ਇਹ ਗੱਲ ਮੈਨੂੰ ਅੱਜ ਵਾਂਗ ਚੇਤੇ ਹੈ ਕਿ ਅਮਰੀਕਨ ਜੋੜਾ ਮੇਰੇ ਕੋਲੋਂ ਬੜਾ ਪ੍ਰਭਾਵਿਤ ਹੋਇਆ ਤੇ ਸਾਹਬ ਨੇ ਆਪਣੀ ਮੇਮ ਨੂੰ ਰੋਟੀ ਲਗਾਉਣ ਲਈ ਕਹਿੰਦਿਆਂ ਫ਼ੈਸਲਾ ਦਿਤਾ, "ਚੰਦਰਾ ਦਾ ਹਸਬੈਂਡ ਬੜਾ ਹੀ ਹਸਮੁਖ ਤੇ ਦਲੇਰ ਏ।"

ਮੈਂ ਖ਼ੁਸ਼ ਸਾਂ। ਮੇਰੀ ਵਹੁਟੀ ਵੀ। ਤੇ ਸਾਨੂੰ ਮਿਲ ਕੇ ਸਾਡੇ ਮੇਜ਼ਬਾਨ ਵੀ। ਕਿੰਨੀ ਪ੍ਰਕਾਰ ਦਾ ਭੋਜਨ ਸੀ ਤੇ ਕਿੰਨੀਆਂ ਹੀ ਮਿੱਠੀਆਂ ਮਿੱਠੀਆਂ ਗੱਲਾਂ। ਮੇਰੇ ਭਾਰਤੀ ਮਿਥਿਅਸ ਤੇ ਧਰਮਾਂ ਨਾਲ ਸਬੰਧਤ ਲਤੀਫ਼ੇ ਵੀ ਬੜੇ ਪਸੰਦ ਕੀਤੇ ਗਏ। ਹਿੰਦੂ ਦੇ ਮੂੰਹੋਂ ਹਿੰਦੂਆਂ ਬਾਰੇ ਲਤੀਫ਼ੇ ਸੁਣ ਕੇ ਉਹ ਹੋਰ ਵੀ ਖ਼ੁਸ਼ ਹੋਏ।

"ਤੇਰਾ ਹਸਬੈਂਡ ਬਹੁਤ ਹੀ ਜ਼ਿੰਦਾ ਦਿਲ ਤੇ ਖ਼ੁਸ਼ ਤਬ੍ਹਾ ਏ। ਤੂੰ ਸਚ ਮੁੱਚ ਹੀ ਭਾਗਾਂ ਵਾਲੀ ਏਂ ਚੰਦਰਾ।" ਖਾਣਾ ਖ਼ਤਮ ਹੋਣ ਤੇ ਉਹਨਾਂ ਨੇ ਚੰਦਰਾ ਨੂੰ ਇਕ ਵਾਰੀ ਫੇਰ ਵਧਾਈ ਦਿਤੀ। ਤੇ ਮੇਰੇ ਨਾਲ ਹੱਥ ਮਿਲਾਂਦਿਆਂ ਕਿਹਾ, "ਤੈਨੂੰ ਮਿਲ ਕੇ ਬੜੀ ਖ਼ੁਸ਼ੀ ਹੋਈ। ਅਸੀਂ ਖ਼ੁਸ਼ ਹਾਂ ਕਿ ਚੰਦਰਾ ਨੂੰ ਤੇਰੇ ਜਿਹਾ ਹੈਂਡਸਮ ਬੰਦਾ ਮਿਲਿਆ ਹੈ।" ਮੈਨੂੰ ਜਾਪਿਆ ਜਿਵੇਂ ਮੈਂ ਸਚਮੁੱਚ ਹੀ ਸਭ ਤੋਂ ਖ਼ੂਬਸੂਰਤ ਆਦਮੀ ਸਾਂ।

ਅਸੀਂ ਤੁਰਨ ਲਗੇ ਤਾਂ ਉਹ ਸਹਿਜੇ ਸਹਿਜੇ ਗੱਲਾਂ ਕਰਦੇ ਸਾਨੂੰ ਦਰਵਾਜ਼ੇ ਤੱਕ ਛੱਡਣ ਆ ਗਏ।

"ਤੁਹਾਡੀ ਗੱਡੀ ਕਿਥੇ ਹੈ?" ਉਹਨਾਂ ਏਸ ਤਰ੍ਹਾਂ ਪੁੱਛਿਆ ਜਿਵੇਂ ਗੱਲਾਂ ਗੱਲਾਂ ਵਿਚ ਅਸੀਂ ਉਹਨਾਂ ਦੇ ਵਿਹੜੇ ਵਿਚ ਹੀ ਨਾਂ ਭੁੱਲ ਆਏ ਹੋਈਏ।

"ਅਹੁ ਖੜੀ ਏ," ਚੰਦਰਾ ਨੇ ਦੁਰੇਡੇ ਰੁਖ ਵਲ ਇਸ਼ਾਰਾ ਕਰਦਿਆਂ ਕਿਹਾ ਜਿਥੇ ਅਸੀਂ ਬਦਸ਼ਕਲ ਗੱਡੀ ਨੂੰ ਜਾਣ ਬੁਝ ਕੇ ਲੁਕਾ ਕੇ ਰਖ ਆਏ ਸਾਂ। "ਕੋਈ ਗੱਲ ਨਹੀਂ ਅਸੀਂ ਚਲੇ ਜਾਵਾਂਗੇ, ਗੁਡ ਨਾਈਟ।" ਮੈਂ ਹੁੰਗਾਰਾ ਭਰਿਆ।

ਪਰ ਉਹ ਏਸ ਤਰ੍ਹਾਂ ਕਿਵੇਂ ਛੱਡ ਕੇ ਜਾ ਸਕਦੇ ਸਨ। ਗੱਡੀ ਵਲ ਵਧਦਿਆਂ ਉਹਨਾਂ ਸਮਝਾਇਆ ਕਿ ਗੱਡੀ ਕਦੀ ਵੀ ਏਨੀ ਦੂਰ ਨਹੀਂ ਖੜੀ ਕਰਨੀ ਚਾਹੀਦੀ। "ਭਾਵੇਂ ਤੁਹਾਡਾ ਦੇਸ ਬੜਾ ਭਲਾਮਾਣਸ ਏ ਫੇਰ ਵੀ ਕਿਸੇ ਦੇ ਦਿਲ ਵਿਚ ਮੈਲ ਆ ਜਾਵੇ ਤਾਂ ਕੀ ਕਰ ਸਕਦੇ ਹਾਂ।"

ਮੈਂ ਦਸਣ ਹੀ ਲੱਗਾ ਸਾਂ ਕਿ ਐਕਸੀਡੈਂਟ ਕਾਰਨ ਸਾਡੀ ਗੱਡੀ ਏਨੀ ਟੁੱਟ ਚੁਕੀ ਸੀ ਕਿ ਅਵਲ ਤਾਂ ਕੋਈ ਇਸ ਵਲ ਮੂੰਹ ਹੀ ਨਹੀਂ ਸੀ ਕਰਦਾ, ਪਰ ਜੇ ਇਸ ਨੂੰ ਲੈ ਜਾਣ ਦਾ ਇਰਾਦਾ ਵੀ ਬਣਾਉਂਦਾ ਤਾਂ ਉਹ ਸਟਾਰਟ ਹੀ ਨਹੀਂ ਸੀ ਕਰ ਸਕਦਾ ਕਿ ਮੇਜ਼ਬਾਨ ਸ੍ਰੀਮਤੀ ਨੇ ਗੱਡੀ ਦੇ ਕੋਲ ਪਹੁੰਚਦਿਆਂ ਕਿਹਾ, "ਤੁਹਾਡੀ ਕਾਰ ਕਿੰਨੀ ਖ਼ੂਬਸੂਰਤ ਏ — ਨਿੱਕੀ ਤੇ ਹੈਂਡੀ।"

ਉਸ ਦੇ ਕਹਿਣ ਵਿਚ ਉਹੀਓ ਈਮਾਨਦਾਰੀ ਤੇ ਨਿੱਘ ਸੀ।

ਮੇਰੇ ਸਿਰ ਵਿਚ ਜਿਵੇਂ ਪਾਣੀ ਦੀ ਗਾਗਰ ਡੁਲ੍ਹ ਗਈ ਹੋਵੇ। ●


**SHAKTI GIFT**

6576 MAIN STREET,
VANCOUVER, B.C.

Where you can get all types of Real and Artificial Jewellery and all types of oriental designs can be made!

SALE AND REPAIRS OF WATCHES

321-6214



**Bombay Grocery Store**

B B G S S

3950 Main St., Vancouver

874-3711

ਬੰਬੇ ਕਰੀ ਰੈਸਟੋਰੈਂਟ ਦੇ ਨਾਲ — *Next door to Bombay Rest.*

ਏਥੇ ਹਰ ਤਰ੍ਹਾਂ ਦੀ ਭਾਰਤੀ ਤੇ ਕੈਨੇਡੀਅਨ ਗਰੋਸਰੀ ਮਿਲਦੀ ਹੈ। ਹਰ ਤਰ੍ਹਾਂ ਦੀਆਂ ਸਬਜ਼ੀਆਂ, 8 ਟਰੈਕ ਟੇਪਾਂ ਤੇ ਰੀਕਾਰਡ ਵੀ ਮਿਲਦੇ ਹਨ। ਪਾਰਟੀਆਂ, ਵਿਆਹ ਸ਼ਾਦੀਆਂ ਤੇ ਅਖੰਡ ਪਾਠਾਂ ਵਾਸਤੇ ਗਰੋਸਰੀ ਖਰੀਦਣ ਵਾਲਿਆਂ ਨੂੰ ਭਾਰੀ ਰਿਆਇਤ ਦਿੱਤੀ ਜਾਂਦੀ ਹੈ। ਹੋਰ ਜਾਣਕਾਰੀ ਲਈ ਨਰੇਸ਼ ਸ਼ੁਕਲਾ ਨੂੰ ਫ਼ੋਨ ਕਰੋ: 874-3711




# ਪਲਾਂ ਛਿਣਾਂ ਦਾ ਸਫ਼ਰ

ਸੁਖਜੀਤ ਭੱਠਲ

ਧੂੜ ਉਡਾਉਂਦੀ ਜੀਪ ਪਿੰਡ ਦੀਆਂ ਬਰੂਹਾਂ ਲੰਘ ਆਈ।

ਕਈਆਂ ਨੇ ਸਰਸਰੀ ਜਿਹੀ ਨਜ਼ਰ ਮਾਰੀ।

ਕਈਆਂ ਨੇ ਗਹੁ ਨਾਲ ਤੱਕਿਆ। — ਤੇ ਫਿਰ ਜਦ ਸੱਥ 'ਚ ਬੈਠੇ ਕਈ ਆਦਮੀਆਂ ਨੇ ਆਪਣੇ ਨਜ਼ਦੀਕ ਆ ਰਹੀ ਜੀਪ ਦੇ ਅੱਗੇ ਸਪੀਕਰ ਲੱਗਿਆ ਦੇਖਿਆ — ਤਾਂ ਉਹ ਕਈ ਤਰ੍ਹਾਂ ਦੀਆਂ ਗੱਲਾਂ ਕਰਨ ਲੱਗੇ —।

'ਏਹ ਤਾਂ ਸਰਕਾਰੀ ਬੰਦੇ ਲੱਗਦੇ ਆ ?' —

'ਓਏ ਹਾਹੋਂ — ਉਹੀ ਟਰੈਕਟਰਾਂ ਆਲੇ ਲੱਗਦੇ ਆ — ਸਾਲੇ ਆਪ ਈ ਖਾ ਜਾਂਦੇ ਆ ਪੈਸੇ......

'ਪਿਛਲੇ ਸਾਲ ਵੀ ਆਏ ਸੀ —' ਦਲੀਪ ਦੀ ਗੱਲ ਸੁਣ ਕੇ ਸਭ ਚੁੱਪ ਕਰ ਗਏ।

'ਪੈਸੇ ਖਾ ਜਾਦੇ ਆ — ਉਹ ਕਿਵੇਂ ?' — ਕੋਈ ਅਣਜਾਣ ਸੁਨਣ ਲਈ ਉਤਸਕ ਹੋ ਉਠਿਆ। —

'ਮਹਿੰਗਾ ਸਿਉਂ ਆ ਨਾਂ ਲੰਬੜਾਂ ਦਾ — ਉਸ ਨੂੰ ਆਂਹਦੇ ਸਰਕਾਰ ਦਸ ਹਜ਼ਾਰ ਰੁਪਿਆ ਲੈ ਕੇ ਟਰੈਕਟਰ ਦਿੰਦੀ ਆ — ਉਹ ਵੇਚਾਰਾ ਇੰਨਾਂ ਦੀਆਂ ਗੱਲਾਂ 'ਚ ਆ ਗਿਆ — ਤੇ ਦੱਸ ਹਜ਼ਾਰ ਦੇ ਦੇ ਦਿੱਤਾ ਸੂ...ਤੇ ਹੁਣ ਤੱਕ ਨਾ ਟਰੈਕਟਰ, ਨਾ ਪੈਸੇ —।

'ਨਾਲੇ ਸੁਣਿਆ ਸੀ — ਮੁਕੱਦਮਾ ਵੀ ਕੀਤਾ ਸੀ — ਮਹਿੰਗੇ ਨੇ ?

ਓਏ ਮੁਕੱਦਮੇ ਨੂੰ ਕਿਹੜਾ ਪੁੱਛਦਾ — ਵਿਚੇ ਰਫ਼ੂ-ਦਫ਼ੂ ਕਰਤਾ — ਕੰਜਰਾਂ ਨੇ......। ਸਰਕਾਰ ਵਿਰੁੱਧ ਕਾਹਦਾ ਮੁਕਦੱਮਾ !

ਕਿਸੇ ਇਕੋ ਸਾਹ ਵਿਚ ਹੀ ਆਪਣੀ ਅੱਖੀਂ ਡਿੱਠੀ ਸਾਰੀ ਗੱਲ ਕਹਿ ਦਿਤੀ ਸੀ। ਅਚਾਨਕ ਉਨ੍ਹਾਂ ਦੇ ਕੰਨ ਖੜੋ ਗਏ।

ਸਪੀਕਰ ਬੋਲ ਰਿਹਾ ਸੀ।

...ਸਭ ਨੂੰ ਅਪੀਲ ਕੀਤੀ ਜਾਂਦੀ ਹੈ — ਕਿ ਤੁਸੀਂ ਅਪਣਾ ਕੀਮਤੀ ਵੋਟ — ਉਮੀਦਵਾਰ ਸ੍ਰੀ.........ਨੂੰ ਪਾ ਕੇ ਕਾਮਯਾਬ ਕਰੋ — ਉਨ੍ਹਾਂ ਦੀ ਕਾਮਯਾਬੀ ਤੁਹਾਡੀ ਸਾਰਿਆਂ ਦੀ ਕਾਮਯਾਬੀ ਹੈ, ਉਨ੍ਹਾਂ ਦੀ ਕਾਮਯਾਬੀ ਦੇ ਬਾਦ ਪਿੰਡ ਵਿਚ ਸਕੂਲ, ਹਸਪਤਾਲ, ਡਾਕਖਾਨਾ — ਸਭ ਕੁਝ ਹੋਵੇਗਾ।...

ਇਹ ਸੁਣ ਕੇ, ਸਭ ਦੇ ਮੱਥੇ ਹੋਰ ਵੀ ਲਮਕ ਗਏ। — 'ਸਕੂਲ' ਸ਼ਬਦ ਉਨ੍ਹਾਂ ਦੇ ਸਿਰਾਂ ਵਿੱਚ ਕਿੱਟ ਵਾਂਗ ਵੱਜਿਆ —।

'ਓਏ ਵੋਟਾਂ ਲੈਣ ਵੇਲੇ ਬਥੇਰਾ ਕੁਝ ਕਹਿੰਦੇ ਆ — ਤੇ ਬਾਦ ਵਿਚ ਸਾਲੇ ਬਿਆਤ੍ਰੇਂਦੇ ਈ ਨਹੀਂ।'

— ਆਹ ਦੇਖਿਆ ਨੀਂਹ ਪੱਥਰ ... ਸਕੂਲ ਦਾ...ਕਰਮ ਨੇ ਸੱਥ ਦੇ ਸੱਜੇ ਪਾਸੇ ਲੱਗੇ ਨੀਂਹ ਪੱਥਰ ਵੱਲ ਇਸ਼ਾਰਾ ਕਰਦੇ ਹੋਏ ਆਪਣੀ ਗੱਲ ਜਾਰੀ ਰੱਖੀ।

ਪਿਛਲੇ ਤਿੰਨਾਂ ਸਾਲਾ ਦਾ ਡਰਨੇ ਵਾਕਰ ਉਵੇਂ ਖੜ੍ਹਾ — ਟਿਨ੍ਹਾਂ ਦੀ ਭੈਣ — ਪੰਝੀ ਸਾਲਾਂ ਤੋਂ ਇਨ੍ਹਾਂ ਤੋਂ ਸਕੂਲ ਨਹੀਂ ਬਣਿਆ — ਹੁਣ ਬਨਾਉਣਗੇ ਏਹ — ਮੈਨੂੰ ਤਾਂ ਦਸ ਸਾਲ ਹੋ ਗਏ ਆ ਦੇਖਦੇ ਨੂੰ — ਸਾਡੇ ਪਿੰਡ ਦੇ ਮੁੰਡੇ ਕੁੜੀਆਂ ਹੁਣ ਤੱਕ ਹਰ ਰੋਜ਼ — ਤਿੰਨ ਮੀਲ ਟਿੱਬੇ ਲੰਘ ਕੇ ਜਾਂਦੇ ਆ ਵਿਚਾਰੇ — ਸ਼ਹਿਰ ਪੜ੍ਹਣ......।

'ਕਹਿਣ ਨੂੰ ਤਾਂ ਸਾਲੇ ਏਹ ਰੱਬ ਨੂੰ ਪੌੜੀ ਲੈਣ ਤਾਈਂ ਜਾਂਦੇ ਆ — ਸ਼ੇਖ ਚਿਲੀ। ਇਨ੍ਹਾਂ ਨੂੰ ਪੁੱਛੇ ਕੋਈ — ਬਈ ਮਾਂ ਦੇ......ਤੁਸੀਂ ਜਾਦੂਗਰ ਓ ਕੋਈ......।

(ਬਾਕੀ ਸਫ਼ਾ 24 ਤੇ)

# ਕਣ–ਕਣ ਵਿੱਚ ਰੱਬ ਵਸਦਾ ਏ

ਸੁਰਿੰਦਰ ਨੱਤ

'ਮੈਂ ਰੱਬ ਨੂੰ ਮੰਨਣ ਲੱਗ ਪਿਆ ਹਾਂ' ਹਿੰਦੁਸਤਾਨ ਦਾ ਦੌਰਾ ਕਰਨ ਪਿਛੋਂ ਕਮਿਊਨਿਸਟ ਮੁਲਕ ਦੇ ਆਗੂ ਨੇ ਐਲਾਨ ਕੀਤਾ।

" ਆਖ਼ਰ ਤੁਸੀਂ ਹਿੰਦੁਸਤਾਨ ਵਿੱਚ ਕਿਹੜੀ ਸ਼ੈ ਵੇਖੀ, ਜਿਸ ਨੇ ਤੁਹਾਨੂੰ ਰੱਬ ਦੀ ਹੋਂਦ ਦਾ ਪ੍ਰਗਟਾਵਾ ਕਰਵਾ ਦਿੱਤਾ, " ਕਹਿੰਦੇ ਕਹਾਉਂਦੇ ਕਮਿਊਨਿਸਟਾ ਵਲੋਂ ਵੱਡੀ ਗਿਣਤੀ ਵਿੱਚ ਇਹ ਸਵਾਲ ਪੁੱਛਿਆ ਗਿਆ।

" ਰੱਬ ਦੀ ਹੋਂਦ ਦਾ ! " ਕਮਿਊਨਿਸਟ ਆਗੂ ਨੇ ਹੈਰਾਨੀ ਪਰਗਟ ਕਰਦਿਆਂ ਕਿਹਾ, "ਉਥੇ ਤਾਂ ਕਿਣਕੇ–ਕਿਣਕੇ'ਚ ਰੱਬ ਵਿਦਮਾਨ ਹੈ।"

"ਮਿਸਾਲ ਵਜੋਂ" ਹਿੰਦੁਸਤਾਨ ਬਾਰੇ ਕਿਤਾਬੀ ਗਿਆਨ ਰੱਖਣ ਵਾਲੇ ਸਾਥੀਆਂ ਨੇ ਸਵਾਲ ਕੀਤਾ।

' ਮਿਸਾਲ ਵਜੋਂ,' ਕਮਿਊਨਿਸਟ ਲੀਡਰ ਨੇ ਜਵਾਬ ਸ਼ੁਰੂ ਕੀਤਾ, ' ਅਨਟਰੇਂਡ ਡਰਾਈਵਰ, ਸੌ–ਸੌ. ਡੇਢ–ਡੇਢ ਸੌ ਸਵਾਰੀਆਂ ਲੱਦ ਕੇ ਵੀ ਭੱਜੀਆਂ ਟੁੱਟੀਆਂ ਬੱਸਾਂ ਨੂੰ ਉਖੜੀਆਂ ਸੜਕਾਂ ਤੇ ਫੁੱਲ ਸਪੀਡ ਤੇ ਭਜਾਈ ਫਿਰਦੇ ਹਨ।

'ਸੀਮਿੰਟ ਇੱਕ–ਤਿੰਨ ਦੀ ਥਾਂ ਇੱਕ ਤੇਰਾਂ ਦਾ ਵਰਤਿਆ ਜਾਂਦਾ ਹੈ। ਪੁਲਾਂ'ਤੋਂ ਦੀ ਟੈਂਕਰ ਫੇਰ ਵੀ ਬੇਫਿਕਰੀ ਨਾਲ ਲੰਘ ਜਾਂਦੇ ਹਨ, ਉਚੇ-ਉਚੇ ਡੈਮ ਅਤੇ ਇਮਾਰਤਾਂ ਮਾਣ ਨਾਲ ਅਕਾਸ਼ ਨੂੰ ਘੂਰ ਰਹੀਆਂ ਹਨ।

' ਮਿਲਾਵਟ ਏਨੀ ਜ਼ਿਆਦਾ ਹੈ ਕਿ ਜ਼ਹਿਰ ਖਾਕੇ ਜਿਹੜਾ ਬਚ ਜਾਂਦਾ ਹੈ ਉਹ ਦਵਾਈ ਨਾਲ ਮਰ ਜਾਂਦਾ ਹੈ। ਚੀਜ਼ਾਂ ਪੈਸਿਆਂ ਤੋਂ ਵੀ ਮੁੱਲ ਨਹੀਂ ਮਿਲਦੀਆਂ। ਹਰ ਰੋਜ਼ ਭੁੱਖ, ਬੀਮਾਰੀ ਅਤੇ ਠੰਡ ਆਦਿ ਨਾਲ ਸੈਂਕੜੇ ਮੌਤਾਂ ਹੁੰਦੀਆਂ ਹਨ। ਭੁੱਖੇ ਮਰ ਰਹੇ ਲੋਕ ਰੋਜ਼ੀ-ਰੋਟੀ ਲਈ, ਲਾਠੀਆਂ-ਗੋਲੀਆਂ ਤੇ ਜੇਲ੍ਹਾਂ ਤੋਂ ਡਰਦੇ. ਸੰਗਰਾਮ ਨਹੀਂ ਕਰਦੇ, ਸਗੋਂ, ਇਕ-ਦੂਜੇ ਦੀ ਦਰਦਨਾਕ ਹਾਲਤ ਵੇਖਕੇ ਆਪ ਵੀ ਸਬਰ ਕਰ ਲੈਂਦੇ ਹਨ।

" ਇਕ ਤੋਂ ਬਾਦ ਦੂਜੇ ਲੀਡਰ ਗਦਾਰੀਆਂ ਕਰਦੇ ਹਨ ਹੇਠਾਂ ਤੋਂ ਉਤੇ ਤੱਕ ਸਾਰਾ ਸਰਕਾਰੀ ਢਾਂਚਾ ਖੁਦਗਰਜ਼ ਹੈ ਵੱਢੀ--ਖੋਰੀ ਦੇ ਉਲਟ ਸ਼ਿਕਾਇਤ ਕਰਨ ਲਈ ਵੀ ਵੱਢੀ ਦੇਣੀ ਪੈਂਦੀ ਹੈ। ਅਨੇਕਾਂ ਧੀਆਂ ਭੈਣਾ ਨੂੰ ਜੀਵਨ-ਨਿਰਬਾਹ ਲਈ ਜਿਸਮ ਵੇਚਣ ਵਾਸਤੇ ਮਜ਼ਬੂਰ ਹੋਣਾ ਪੈਂਦਾ ਹੈ। ਭਗਤੀ, ਧਰਮ-ਰੱਖਿਆ, ਗਊ-ਰੱਖਿਆ, ਰੰਗ ਨਸਲ ਅਤੇ ਊਚ-ਨੀਚ ਦੇ ਨਾਂ ਤੇ ਭਰਾਵਾਂ ਤੋਂ ਭਰਾ ਮਰਵਾ ਦਿਤੇ ਜਾਂਦੇ ਹਨ।...... ਪਰ ਲੋਕ ਇਸ ਸਭ ਕੁੱਝ ਨੂੰ ਰੱਬ ਦਾ ਭਾਣਾ ਸਮਝ ਕੇ ਝੱਲ ਰਹੇ ਹਨ।

" ਅਨੇਕਾਂ ਮੁਲਕਾਂ ਵਿੱਚ ਕਿਰਤੀ ਲੋਕਾਂ ਨੇ ਲੁਟੇਰਿਆਂ-ਹੱਥੋਂ ਰਾਜ–ਸੱਤਾ ਖੋਹਕੇ ਸਮਾਜਵਾਦ ਦਾ ਰਾਹ ਅਖਤਿਆਰ ਕਰ ਲਿਆ ਹੈ। ਹਿੰਦਸਤਾਨ ਦੇ ਲੋਕੀ·ਇਸ ਬਾਰੇ ਪੜ੍ਹਦੇ ਹਨ, ਸੁਣਦੇ ਹਨ ਤੇ ਇਸ ਦੀ ਸਿਫਤ ਕਰਦੇ ਹਨ, ਪਰ ਇਸ ਲਈ ਘੋਲ ਨਹੀਂ ਕਰਦੇ ਕਿਉਂਕਿ ਇਸ ਮੰਜ਼ਲ ਦਾ ਰਾਹ ਦਰਸਾਉਣ ਵਾਲੀ ਵਿਚਾਰ ਧਾਰਾਂ ਉਨ੍ਹਾਂ ਨੂੰ ਨਾਸਤਕਾਂ ਵਾਲੀ ਵਿਚਾਰਧਾਰਾ ਜਾਪਦੀ ਹੈ ..। "

" ਤੇ ਹੁਣ ਫਿਰ, ਸਾਥੀਓ ! ਤੁਸੀਂ ਹੀ ਦੱਸੋ ਕੀ ਇਹ ਬਾਹਰ-ਮੁਖੀ ਯਥਾਰਥ ਰੱਬ ਦੀ ਹਸਤੀ ਦਾ ਪ੍ਰਮਾਣ ਨਹੀ ? ਕੀ ਮੈਂ ਉਸ ਹਸਤੀ ਦੀ ਹੋਂਦ ਨੂੰ ਮੰਨਕੇ ਮਾਰਕਸਵਾਦ-ਲੈਨਿਨਵਾਦ ਦੇ ਉਲਟ ਚੱਲਿਆ ਹਾਂ ? "

ਇਸ ਵਿਰੋਧ–ਵਿਕਾਸੀ ਪਦਾਰਥਵਾਦੀ ਤਰਕ ਅੱਗੇ ਸਾਰੇ ਕਮਿਊਨਿਸਟ ਲਾਜਵਾਬ ਹੋ ਗਏ।

# ਸਭਿਅਤਾ

## ਮੋਹਨ ਸ਼ਰਮਾ. ਐਮ. ਏ.

ਸੜਕ ਦੇ ਫੁੱਟ ਪਾਥ ਤੇ ਦੋ ਨੇਪਾਲੀ ਕੁੜੀਆਂ ਊਨੀ ਸਵੈਟਰ, ਜਰਸੀਆਂ ਅਤੇ ਸ਼ਾਲ ਵੇਚ ਰਹੀਆਂ ਸਨ ! ਛੋਟੀ ਦਸ ਕੁ ਸਾਲ ਦੀ ਅਤੇ ਵਡੀ ਸਤਾਰਾਂ-ਅਠਾਰਾਂ ਵਰ੍ਹਿਆਂ ਦੀ ਨੌਜਵਾਨ ਕੁੜੀ ਸੀ ! ਗਾਹਕਾਂ ਦੀ ਇਨ੍ਹਾਂ ਦੁਆਲੇ ਭੀੜ ਜੁੜੀ ਹੋਈ ਸੀ।

ਇਨ੍ਹਾਂ ਦੇ ਸਾਹਮਣੇ ਹੀ ਫੁੱਟ ਪਾਥ ਤੇ ਇਕ ਬੁੱਢੀ ਨੇਪਾਲਣ ਇਹੋ ਸਾਮਾਨ ਲਈ ਬੈਠੀ ਸੀ। ਪਰ ਉਸ ਕੋਲ ਕੋਈ ਵੀ ਗਾਹਕ ਨਜ਼ਰ ਨਹੀਂ ਸੀ ਆ ਰਿਹਾ !

"ਇਹ ਸ਼ਾਲ ਕਿੰਨੇ ਦਾ ਐ ?" ਇਕ ਗਾਹਕ ਪੁੱਛ ਰਿਹਾ ਸੀ !

"ਪੱਚੀ ਕਾ......!"

"ਪੱਚੀ 'ਚ 'ਕੱਲਾ ਛਾਲ ਹੀ ਜਾਂ......!" ਗਾਹਕ ਦੀਆਂ ਅੱਖਾਂ ਸ਼ਰਾਰਤ ਨਾਲ ਹੱਸ ਰਹੀਆਂ ਸਨ। ਕੁੜੀ ਕੁਝ ਬੋਲਣ ਹੀ ਲਗੀ ਸੀ ਕਿ ਦੂਜੇ ਗਾਹਕ ਨੇ ਉਸ ਨੌਜਵਾਨ ਕੁੜੀ ਦੇ ਚਿਹਰੇ ਤੇ ਨਜ਼ਰਾਂ ਗੱਡਦੇ ਹੋਏ ਇਕ ਸਵੈਟਰ ਨੂੰ ਹੱਥ ਵਿਚ ਫੜ ਕੇ ਕਿਹਾ, "ਮਾਲ ਤਾਂ ਅੱਛਾ ਐ" ਦੂਜੇ ਗਾਹਕ ਸੁਣ ਕੇ ਹੱਸ ਪਏ।

ਹੁਣ ਕੁੜੀ ਖਿਝ ਕੇ ਬੋਲੀ, "ਕੁਛ ਖ਼ਰੀਦਤੇ ਤੋ ਹੈ ਨਹੀਂ। ਵੈਸੇ ਹੀ ...।" ਉਸ ਦੀ ਇਹ ਗੱਲ ਸੁਣ ਕੇ ਲਾਗੇ ਖੜਾ ਅੱਧਖੜ ਆਦਮੀ ਬੋਲ ਉਠਿਆ, "ਹੋਰ ਤੂੰ ਸਾਨੂੰ ਨੰਗ ਸਮਝਦੀਐਂ। ਆਹ ਦੇਖ. ਨੋਟ" ਉਸ ਨੇ ਆਪਣਾ ਬਟੂਆ ਵਿਖਾਉਂਦੇ ਹੋਏ ਕਿਹਾ, "ਤੂੰ ਹਾਂ ਤਾਂ ਕਰ।"

ਇਕ ਹੋਰ ਤਮਾਸ਼ਬੀਨ ਆਪਣੇ ਨਾਲ ਦੇ ਨੂੰ ਕਹਿ ਰਿਹਾ ਸੀ, "ਐਂ ਨੀ ਇਨ੍ਹੇ ਮੰਨਣਾ। ਢਾ ਲੋ ਸਾਲੀ ਨੂੰ।"

ਤਮਾਸ਼ਬੀਨਾਂ ਦੀ ਭੀੜ ਵਧਦੀ ਜਾ ਰਹੀ ਸੀ। ਉਨ੍ਹਾਂ ਦੇ ਲਾਗੇ ਹੀ ਖੜੇ ਦੋ ਦੋਸਤ ਆਪਸ ਵਿਚ ਗੱਲਾਂ ਕਰ ਰਹੇ ਸਨ, "ਯਾਰ, ਇਨ੍ਹਾਂ ਨੂੰ ਇਸ ਤਰ੍ਹਾਂ ਨਹੀਂ ਬੋਲਣਾ ਚਾਹੀਦਾ। ਕੀ ਪਤਾ ਵਿਚਾਰੀਆਂ ਨੂੰ ਕਿਹੜੀ ਮਜਬੂਰੀ ਵਿਚ ਇੰਜ ਫੁੱਟ ਪਾਥ ਤੇ ਇਹ ਚੀਜ਼ਾਂ ਵੇਚਣ ਲਈ ਮਜਬੂਰ ਹੋਣਾ ਪਿਆ ਹੈ।"

"ਇਹੀ ਤਾਂ ਭਾਰਤੀ ਸਭਿਅਤਾ ਦਾ ਅਸਲੀ ਨਮੂਨਾ ਹੈ।" ਦੂਜਾ ਸੰਜੀਦਾ ਹੋ ਕੇ ਕਹਿ ਰਿਹਾ ਸੀ।

# ਪਾਠਕਾਂ ਦਾ ਪੰਨਾ

ਸੰਪਾਦਕ ਵਤਨੋਂ ਦੂਰ,

ਵਤਨੋਂ ਦੂਰ ਨੂੰ ਸ਼ੁਰੂ ਕਰਨ ਸਮੇਂ ਮੈਂ ਆਪਣੀ ਸਮਰੱਥਾ ਅਨੁਸਾਰ ਜੋ ਸਹਿਯੋਗ ਦਿਤਾ ਸੀ ਉਸਦਾ ਕਾਰਣ ਇਹੋ ਸੀ ਕਿ ਵਤਨੋਂ ਦੂਰ ਇਕ ਅਗਾਂਹਵਧੂ ਪਰਚੇ ਦੇ ਤੌਰ ਤੇ ਹੋਵੇਗਾ ਪਰ ਛੇਤੀ ਤੁਸੀਂ ਇਸ ਲਾਈਨ ਤੋਂ ਪਿੱਛੇ ਹਟ ਗਏ ਜਿਸ ਕਾਰਨ ਮੈਂ ਵਤਨੋਂ ਦੂਰ ਪ੍ਰਬੰਧਕੀ ਬੋਰਡ ਵਿੱਚੋਂ ਅਸਤੀਫ਼ਾ ਦੇ ਦਿੱਤਾ ਸੀ। ( ਜੁਲਾਈ 73 ਵਿੱਚ ਵਤਨੋਂ ਦੂਰ ਦੇ ਜਨਮ ਸਮੇਂ ਕਰਨੈਲ ਮਾਨ ਪਰਚੇ ਦੇ ਐਡਮਨਿਸਟਰੇਟਿਵ ਐਡੀਟਰ ਸਨ ਪਰ ਉਨ੍ਹਾਂ 6 ਮਹੀਨੇ ਬਾਅਦ ਹੀ ਅਸਤੀਫ਼ਾ ਦੇ ਦਿੱਤਾ ਸੀ– ਸੰਪਾਦਕ)

ਭਾਵੇਂ ਸਮੇਂ ਸਮੇਂ ਕਈ ਮਾਅਰਕੇਬਾਜ਼ ਗੱਲਾਂ ਜਾਂ ਸ਼ਹੀਦਾਂ ਬਾਰੇ ਲੇਖ ਛਾਪਕੇ ਤੁਸੀਂ ਅਗਾਂਹਵਧੂ ਹੋਣ ਦਾ ਮਖੌਟਾ ਪਹਿਨਕੇ ਪੇਸ਼ ਹੁੰਦੇ ਰਹੇ ਹੋ ਪਰ ਤੁਹਾਡੇ ਅਮਲ, ਪ੍ਰਵਿਰਤੀ ਤੇ ਖ਼ਿਆਲਾਤ ਉਨ੍ਹਾਂ ਦੇ ਵਿਰੁੱਧ ਹੀ ਰਹੇ ਹਨ। ਪਿਛਲੇ ਮਹੀਨਿਆਂ ਵਿੱਚ ਤੁਸੀਂ ਜੋ ਇਹ ਦੁਹਾਈ ਪਾਈ ਹੋਈ ਸੀ ਕਿ ਤੁਹਾਨੂੰ ਤੁਹਾਡੇ ਪ੍ਰਬੰਧਕੀ ਬੋਰਡ ਦੇ ਕੁਝ ਮੈਂਬਰ ਅਗਾਂਹਵਧੂ ਰਚਨਾਵਾਂ ਲਿਖਣ ਤੋਂ ਰੋਕਦੇ ਸੀ ਜਿਨ੍ਹਾਂ ਨੂੰ ਤੁਸੀਂ ਪਿਛਾਂਹਖਿੱਚੂ ਵਿਚਾਰਧਾਰਾ ਦੇ ਕਹਿਕੇ ਭੰਡਦੇ ਸੀ ਜਿਵੇਂ ਤੁਸੀਂ ਫਰਵਰੀ 1977 ਦੇ ਪਰਚੇ ਵਿੱਚ ਕੁਝ ਨਾਵਾਂ ਨੂੰ ਪ੍ਰਬੰਧਕੀ ਬੋਰਡ ਵਿੱਚੋਂ ਕੱਢ ਦਿੱਤਾ ਅਤੇ ਜਨਵਰੀ 77 ਦਾ ਪਰਚਾ ਆਉਣ ਸਮੇਂ ਕਿਹਾ ਗਿਆ ਸੀ ਕਿ ਅਸੀਂ ਵਿਚਾਰਧਾਰਕ ਤੇ ਸਿਧਾਂਤਕ ਝਗੜੇ ਮੁਕਾ ਲਏ ਹਨ ਆਦਿ ਐਵੇਂ ਮਕਰ, ਫਰੇਬੀ, ਪਖੰਡ ਸਨ। ਦਰਅਸਲ ਤੁਸੀਂ ਅਗਾਂਹਵਧੂ ਵਿਚਾਰਾਂ ਤੇ ਵਾਰ ਹੀ ਕਰਦੇ ਹੋ– ਫਰਵਰੀ 77 ਅੰਕ ਵਿੱਚ ਛਪੀ ਕਹਾਣੀ 'ਅਸਲੀ ਤੇ ਵੱਡੀ ਗੱਲ' ( ਕਰਤਾ ਵਰਿਆਮ ਸਿੰਘ ਸੰਧੂ), ਕਵਿਤਾ 'ਪੈਗੰਬਰ' (ਕਰਤਾ ਰਾਮ ਸਿੰਘ) ਅਤੇ ਹਮੇਸ਼ਾਂ ਵਾਂਗ ਹਰਨਜੀਤ ਸਿੱਧੂ ਰਚਿਤ 'ਇੰਜ ਵੀ ਹੁੰਦਾ ਹੈ', ਇਸ ਦੀਆਂ ਮਿਸਾਲਾਂ ਹਨ। ਕਹਾਣੀ 'ਹੂਟਰ' ਦੇ ਪਾਤਰ ਤੁਹਾਨੂੰ ਆਪਣੇ ਆਪ ਨੂੰ ਰੂਪਮਾਨ ਕਰਦੇ ਹਨ ਅਤੇ ਤੁਹਾਡੀ ਲੁਕੀ ਤੇ ਨਿਪੁੰਸਕ ਸੋਚ ਦੇ ਚਿੰਨ ਵਜੋਂ ਫਰਵਰੀ 77 ਅੰਕ ( ਨਵੇਂ ਪ੍ਰਬੰਧਕੀ ਬੋਰਡ ਦੇ ਪ੍ਰਬੰਧ ਹੇਠ) ਇਕ ਯਾਦ ਬਣ ਗਿਆ ਹੈ। ਅੱਗੋਂ ਕੀ ਛਾਪੋਗੇ? ਮੈਨੂੰ ਬਹੁਤਾ ਭੁਲੇਖਾ ਨਹੀਂ ਹੈ।

– ਕਰਨੈਲ ਮਾਨ (ਵੈਨਕੂਵਰ, ਬੀ.ਸੀ.)

ਕਰਨੈਲ ਮਾਨ, ਪੰਜਾਬੀ ਦੇ ਮੋਢੀ ਕ੍ਰਾਂਤੀਕਾਰੀ ਕਹਾਣੀਕਾਰ ਵਰਿਆਮ ਸਿੰਘ ਸੰਧੂ ਅਤੇ ਹਿੰਦੀ ਦੇ ਕਹਾਣੀਕਾਰ ਰਮੇਸ਼ ਬਤਰਾ ਦੀਆਂ ਵਿਅੰਗਾਤਮਕ ਰਚਨਾਵਾਂ ਦੀ ਰੂਹ ਤੱਕ ਪੁੱਜਣ ਤੋਂ ਅਸਮਰਥ ਰਿਹਾ ਜਾਪਦਾ ਹੈ। ਚਰਚਾ-ਅਧੀਨ ਬਾਕੀ ਦੀਆਂ ਦੋ ਰਚਨਾਵਾਂ ਭਾਵੇਂ ਸਾਡੇ ਵਿਚਾਰਾਂ ਨਾਲ ਮੇਲ ਨਹੀਂ ਖਾਂਦੀਆਂ ( ਇਹ ਜ਼ਰੂਰੀ ਵੀ ਨਹੀਂ– ਦੇਖੋ ਵਤਨੋਂ ਦੂਰ ਐਡੀਟੋਰੀਅਲ ਮਈ ਤੇ ਜੂਨ 76) ਪਰ ਉਨ੍ਹਾਂ ਦਾ ਛਪਣਾ ਵਤਨੋਂ ਦੂਰ ਦੇ ਸੁਭਾਅ ਵਿੱਚ ਕੋਈ ਗੈਰ-ਸਿਧਾਂਤਕ ਮੋੜ ਨਹੀਂ ਸਮਝਿਆ ਜਾਣਾ ਚਾਹੀਦਾ। ਇਨ੍ਹਾਂ ਨੂੰ ਛਾਪਣ ਦਾ ਸਾਡਾ ਇਕ ਮੰਤਵ ਇਹੋ ਜਿਹੇ ਵਿਸ਼ਿਆਂ ਤੇ ਗੰਭੀਰ ਬਹਿਸ ਛੇੜਨਾ ਵੀ ਸੀ।

ਇਸ ਖ਼ਤ ਵਿੱਚ ਵਤਨੋਂ ਦੂਰ ਤੇ ਇਸਦੇ ਪਰਬੰਧਕਾਂ ਉਤੇ ਮਖੌਟੇਬਾਜ਼ੀ ਦਾ ਦੋਸ਼ ਲਾਇਆ ਗਿਆ ਹੈ। ਅਸੀਂ ਪਾਠਕਾਂ ਨੂੰ ਸਲਾਹ ਦੇਵਾਂਗੇ ਕਿ ਉਠਾਏ ਗਏ ਨੁਕਤਿਆਂ ਬਾਰੇ ਨਿਰਣਾ ਕਰਨ ਲਈ ਉਹ ਪਿਛਲੇ [illegible] ਸਾਲਾਂ ਵਿੱਚ ਛਪੇ ਪਰਚਿਆਂ ਨੂੰ ਗਹੁ ਨਾਲ ਪੜਚੋਲਣ।

ਅਸੀਂ ਸੁਹਿਰਦ ਆਲੋਚਨਾ ਨੂੰ ਹਮੇਸ਼ਾਂ ਜੀ ਆਇਆਂ ਕਹਾਂਗੇ। ਪਰ ਪਿਛਾਂਹ ਖਿੱਚੂ ਹੋਣ ਦਾ ਦੋਸ਼ ਲੈਣ ਸਮੇਂ ਫਰਵਰੀ ਅੰਕ ਵਿੱਚ ਛਪੀਆਂ ਮੰਟੋ, ਕੇਸਰ ਸਿੰਘ ਨਾਵਲਿਸਟ, ਸਰਵਣ ਬੇਲ, ਸ.ਸ. ਮੀਸ਼ਾ, ਮੋਹਨਜੀਤ, ਕਰਮਜੀਤ, ਜਗਜੀਤ, ਸੁਰਿੰਦਰ ਸ਼ਰਮਾ ਤੇ ਭੁਪਿੰਦਰ ਨੈਨਾ ਦੀਆਂ ਰਚਨਾਵਾਂ ਨੂੰ ਨਜ਼ਰ-ਅੰਦਾਜ਼ ਕਰਨ ਦੇ ਕੀ ਅਰਥ ਹੋ ਸਕਦੇ ਹਨ? ਕੀ ਖ਼ਤ-ਲੇਖਕ ਆਪ ਹੀ ਮਖੌਟੇਬਾਜ਼ੀ ਦਾ ਸ਼ਿਕਾਰ ਤਾਂ ਨਹੀਂ ?

– ਸੁਰਿੰਦਰ ਧੰਜਲ

---

ਸਫ਼ਾ 22 ਦੀ ਬਾਕੀ

ਕਿਸੇ ਹੋਰ ਦੀ ਗੁੱਸੇ ਭਰੀ ਅਵਾਜ਼ ਉਭਰੀ।

ਤੇ ਫਿਰ ਉਨ੍ਹਾਂ ਦਾ ਗਰਮ ਖ਼ੂਨ — ਜਿਵੇਂ ਉਨ੍ਹਾਂ ਦੇ ਹੱਥਾਂ ਦੇ ਪੱਟਿਆਂ ਵਿਚ— ਉਤਰ ਆਇਆ ਹੋਵੇ......ਚੱਕ ਦਿਓ — ਸਭ ਕਾਸੇ ਨੂੰ — ਇਨ੍ਹਾਂ ਦੀ ਧੀ.........। ਗਾਲ੍ਹਾਂ ਕੱਢਦੇ ਹੋਏ, ਉਹ ਨੀਂਹ ਪੱਥਰ ਵੱਲ ਲਪਕੇ ਤੇ ਪਲਾਂ ਛਿਣਾਂ 'ਚ ਹੀ ਨੀਂਹ ਪੱਥਰ ਪੁੱਟ ਕੇ ਪਰ੍ਹੇ ਵਗਾਹ ਮਾਰਿਆ --- ਤੇ ਫੇਰ ਜੀਪ ਵੱਲ ਤੱਕਿਆ।

ਪਰ ਜੀਪ ਉਥੇ ਨਹੀਂ ਸੀ।

ਸਿਰਫ਼ ਟਿੱਬਿਆਂ ਵਿਚ ਦੀ ਬਣੇ ਪਹੇ 'ਤੇ ਧੂੜ ਉੱਡ ਰਹੀ ਸੀ।

**WATNO DUR**
**14768 Halstead Pl.**
**Surrey, B.C. V3R 6S5**
438-7793
437-9014

## ਪਾਠਕਾਂ ਦੇ ਨਾਂ

* ਜਦੋਂ ਤੁਹਾਡਾ ਪਤਾ ਬਦਲੇ:
ਕਿਰਪਾ ਕਰਕੇ ਆਪਣਾ ਨਵਾਂ ਪਤਾ ਅਤੇ ਚਿੱਟ ਨੰਬਰ ਸਾਨੂੰ ਭੇਜੋ!
ਪ੍ਰਬੰਧ ਵਿੱਚ ਤੇਜ਼ੀ ਲਈ ਪੋਸਟਲ ਕੋਡ ਨੰਬਰ ਅਤੇ ਟੈਲੀਫ਼ੋਨ ਨੰਬਰ ਵੀ ਭੇਜੋ!

* ਖ਼ਤਮ ਹੋਏ ਚੰਦੇ:
ਹਰ ਪਾਠਕ ਦਾ ਇਕ ਚਾਰ ਅੱਖਰਾਂ ਦਾ ਚਿਟ ਨੰਬਰ ਹੈ ਜੋ ਐਡਰੈਸ ਤੇ ਦਰਜ ਹੁੰਦਾ ਹੈ। ਜਿਨ੍ਹਾਂ ਪਾਠਕਾਂ ਦੇ ਚਿਟ ਨੰਬਰ 10, 11 ਤੇ 12 ਨਾਲ ਸ਼ੁਰੂ ਹੁੰਦੇ ਹਨ ਉਨ੍ਹਾਂ ਵਿੱਚੋਂ ਬਹੁਤਿਆਂ ਦੇ ਚੰਦੇ ਖ਼ਤਮ ਹੋ ਚੁੱਕੇ ਹਨ। ਦੋਬਾਰਾ ਭੇਜਣ ਲਈ ਬੇਨਤੀ ਕੀਤੀ ਜਾਂਦੀ ਹੈ।

* ਪਾਠਕਾਂ ਦੀ ਸਹੂਲਤ ਲਈ: ਦੋ ਚੰਦੇ ਇਕੱਠੇ ਭੇਜਣ ਤੇ ਦੋ ਡਾਲਰ ਰਿਆਇਤ

ਵਤਨੋਂ ਦੂਰ
14768-HALSTEAD PLACE
SURREY, B.C., V3R 6S5

ਸ੍ਰੀ ਮਾਨ ਜੀ,

- ਮੈਂ ਪੰਜ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਹੇਠ ਲਿਖੇ ਪਤੇ ਤੇ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ:
- ਮੈਂ ਅੱਠ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਉੱਤਰੀ ਅਮਰੀਕਾ ਤੋਂ ਬਾਹਰ ਮੇਰੇ ਸਨੇਹੀ ਨੂੰ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ:
- ਅਸੀਂ ਅੱਠ ਡਾਲਰ ਭੇਜ ਰਹੇ ਹਾਂ। ਕਿਰਪਾ ਕਰਕੇ ਕੈਨੇਡਾ ਵਿੱਚ ਇਨ੍ਹਾਂ ਦੋ ਪਤਿਆਂ ਤੇ ਇਕ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ: (ਭਾਵ ਦੋ ਚੰਦੇ ਇਕੱਠੇ ਭੇਜਣ ਤੇ ਦੋ ਡਾਲਰ ਰਿਆਇਤ!)

.................................... ....................................
.................................... ....................................
.................................... ....................................
.................................... ....................................

# ਸਾਮਰਾ ਬਰੱਦਰਜ਼

ਇੰਡੀਆ ਫੂਡਜ਼ ਲਿਮਿਟਡ

* ਸਰੀ-ਡੈਲਟਾ ਨਿਵਾਸੀਆਂ ਲਈ ਖੁਸ਼ਖਬਰੀ
* ਏਥੇ ਗੁਰੂ ਸਾਹਿਬਾਂ ਦੀਆਂ ਫ਼ਰੇਮ ਕੀਤੀਆਂ ਤਸਵੀਰਾਂ ਵੀ ਮਿਲ ਸਕਦੀਆਂ ਹਨ
* BULK ORDERS ACCEPTED

Exotic Spices & Natural Foods
Fresh Vegetables

# Samra Bros.

**INDIA FOODS LTD.**

8320 SCOTT ROAD
SURREY, B.C.

Telephone:
596-7232

ਆਓ ਦਰਸ਼ਨ ਦਿਓ। ਫ਼ੋਨ: 596-7232

---

## MARS REALTY LTD.
**1437 KINGSWAY VANCOUVER**



**Real Estate is the World's Best Security Investment**

For the best service with complete sincerity and efficiency backed by knowledge and experience - call:

**DALJIT S. SIDHU** • **Ph. 872-0131**

Diamond Club Award Winner

Res. 596-9062 / 596-2666

---

# BOMBAY CURRY RESTAURANT

*INDIA'S FINEST FOOD*

B C R B R

**LICENCED PREMISES**

**3934 MAIN STREET AT 23RD AVENUE, VANCOUVER, B.C.**

**PHONE BUS. 874-5722 RES. 731-8881**



NARESH SHUKLA

New Timing: Mon. to Thursday 11 a.m. to 11 p.m., Friday to Sunday 10 a.m. to Midnight

MOUTH WATERING SWEETS:

**MESU, PATISA, BESAN, BARFI, GAJARPAK, LADDO, PADHA, GULAB JAMUN, BADANA, JALEBI, AMRATIYAN, SHAKERPARE, NAMKEEN BHUJIYA AND MANY MORE.**

---

# GRANADA REALTY INC.

892 COMMERCIAL DRIVE, VANCOUVER, B.C.

OFF. 254-9711

NEW HOMES, COMMERCIAL and APARTMENT PROPERTIES

*For advice and information without obligation call:*

**Tej Purba (Res. 437-5086)** or **Bob White (Res. 681-4451)**
MANAGER — GENERAL MANAGER

*We specialize in New Homes and Building Lots!*

ਸਥਾਈ ਕਾਲਮ

## ਸਾਜ਼ ਅਤੇ ਆਵਾਜ਼

(ਸੰਗ੍ਰਿਆਚਾਰਕ-ਸਰਗਰਮੀਆਂ)

# ਰਾਜਨੀਤੀ ਤੇ ਫ਼ਿਲਮ

ਗੁਰਮੇਲ
(ਸਰਤ)

ਆਦਿਕਾਲ ਤੋਂ ਵਰਤਮਾਨ ਕਾਲ ਤਕ ਰਾਜਨੀਤੀ ਖੇਤਰ ਵਿਚ ਕਈ ਤਬਦੀਲੀਆਂ ਆਈਆਂ ਹਨ। ਮਨੁਖ ਪੱਥਰ, ਧਾਤੂ, ਖੇਤੀਬਾੜੀ, ਜ਼ਿਮੀਂਦਾਰੀ, ਸਰਮਾਏਦਾਰੀ, ਪ੍ਰਜਾਤੰਤਰੀ ਜੁਗ ਵਿਚੋਂ ਦੀ ਲੰਘਿਆ ਹੈ ਤੇ ਹੁਣ ਕਈ ਥਾਈਂ ਸਮਾਜਵਾਦ ਲੈ ਆਇਆ ਹੈ, ਤੇ ਕਈ ਥਾਈਂ ਸਮਾਜਵਾਦ ਵਿਚ ਸੁਖੀ ਆਰਾਮ ਦੇ ਜੀਵਨ ਦੀ ਆਸ ਲਾਈ ਬੈਠਾ ਹੈ। ਭਾਰਤ ਤੇ ਦੁਨੀਆ ਦੇ ਕਈ ਆਰਥਕ ਪਖੋਂ ਪੱਛੜੇ ਤੇ ਅਗਾਂਹ-ਵਧੂ ਦੇਸ਼ਾਂ ਵਿਚ ਅਜੇ ਵੀ ਉਪਰੋਕਤ ਦੱਸੀਆਂ ਰਾਜਨੀਤਕ ਸਥਿਤੀਆਂ ਮੌਜੂਦ ਹਨ।

ਕਲਾ ਨੇ ਹਰ ਰਾਜਨੀਤਕ ਸਥਿਤੀ ਵਿਚ ਮਨੁਖੀ ਜੀਵਨ ਨੂੰ ਪ੍ਰਭਾਵਿਤ ਕੀਤਾ ਹੈ। ਕਿਤੇ ਕਲਾ-ਕ੍ਰਿਤ ਮਨੁਖ ਲਈ ਚਾਨਣ-ਮੁਨਾਰਾ ਬਣੀ ਹੈ ਤੇ ਕਿਤੇ ਗ਼ਲਤ ਹੱਥਾਂ ਵਿਚ ਨਸਲੀ ਵਿਤਕਰੇ ਤੇ ਯੁਧ ਦੇ ਪ੍ਰਚਾਰ ਦਾ ਵਸੀਲਾ ਬਣੀ ਹੈ।

ਫ਼ਿਲਮ (ਕਲਾ ਉਦਯੋਗ) ਉਦਯੋਗਿਕ ਇਨਕਲਾਬ ਦੀ ਦੇਣ ਹੈ। ਉਨ੍ਹੀਵੀਂ ਸਦੀ ਦੇ ਪਿਛਲੇ ਦਹਾਕੇ ਵਿਚ ਫ਼ਿਲਮ ਦਾ ਜਨਮ ਹੋਇਆ (ਤਜਰਬੇ ਕਈ ਸਾਲਾਂ ਤੋਂ ਹੁੰਦੇ ਆ ਰਹੇ ਸਨ)। ਮੁਢ ਵਿਚ ਫ਼ਿਲਮ ਨੂੰ ਮਨੁਖੀ ਮਨ-ਪ੍ਰਚਾਵੇ ਦਾ ਸਾਧਨ ਮੰਨਿਆ ਗਿਆ। ਪਰ ਹੌਲੀ ਹੌਲੀ ਵਖੋ ਵਖ ਦੇਸ਼ਾਂ ਦੀਆਂ ਰਾਜਨੀਤਕ ਸਥਿਤੀਆਂ ਨੇ ਫ਼ਿਲਮ ਦੀਆਂ ਸੰਭਾਵਨਾਵਾਂ ਨੂੰ ਸਵੀਕਾਰ ਕਰ ਲਿਆ। ਵੀਹਵੀਂ ਸਦੀ ਦੇ ਮੁਢ ਵਿਚ ਫ਼ਿਲਮ ਰਾਜਨੀਤੀ ਦੇ ਪ੍ਰਭਾਵ ਥੱਲੇ ਆਉਣ ਲਗ ਪਈ। ਵੈਸੇ ਤਾਂ ਕੋਈ ਵੀ ਫ਼ਿਲਮ ਹੋਵੇ, ਉਸ ਵਿਚ ਦੇਸ਼ ਦੀ ਰਾਜਨੀਤਕ ਹਾਲਤ ਦੀ ਝੱਲਕ ਹੁੰਦੀ ਹੈ। ਮੁਢ ਵਿਚ ਕਈ ਫ਼ਿਲਮਾਂ ਰਾਜਨੀਤੀ ਵਿਸ਼ਿਆਂ ਉਤੇ ਬਣਨ ਲਗੀਆਂ, ਜਿਵੇਂ ਕਿਸੇ ਉਘੇ ਰਾਜਸੀ ਨੇਤਾ ਜਾਂ ਸਖਸ਼ੀਅਤ ਦੇ ਕਿਸੇ ਸਮਾਗਮ ਵਿਚ ਹਿੱਸਾ ਲੈਣ ਦਾ ਦ੍ਰਿਸ਼ ਜਾਂ ਬਿਦੇਸ਼ ਤੋਂ ਆਏ ਪਰਾਹੁਣੇ ਨੇਤਾ ਦਾ ਸਵਾਗਤੀ ਦ੍ਰਿਸ਼ ਆਦਿ ਫ਼ਿਲਮਾਇਆ ਜਾਣ ਲਗਾ। ਵਰਤਮਾਨ ਫ਼ਿਲਮ ਭਾਸ਼ਾ ਅਨੁਸਾਰ ਅਜਿਹੀਆਂ ਫ਼ਿਲਮਾਂ ਨੂੰ 'ਨਿਊਜ਼ ਰੀਲ' ਫ਼ਿਲਮ ਕਿਹਾ ਜਾਂਦਾ ਹੈ।

ਪਹਿਲੇ ਸੰਸਾਰ ਯੁਧ ਸਮੇਂ ਫ਼ਿਲਮ ਨੂੰ ਰਾਜਸੀ ਪ੍ਰਚਾਰ ਲਈ ਵਰਤਿਆ ਜਾਣ ਲਗਾ। ਯੁਧ ਦੀ ਲਪੇਟ ਵਿਚ ਆਏ ਦੇਸਾਂ ਵਿਚ ਕਈ ਫ਼ਿਲਮਾਂ ਫ਼ੌਜੀਆਂ ਤੇ ਸ਼ਹਿਰੀਆਂ ਦੇ ਹੌਂਸਲਿਆਂ ਨੂੰ ਉਚਿਆਂ ਕਰਨ ਲਈ ਬਣਾਈਆਂ ਗਈਆਂ। ਰੂਸ ਦੇ ਇਨਕਲਾਬ ਪਿਛੋਂ ਓਥੇ ਫ਼ਿਲਮ ਉਦਯੋਗ ਦਾ ਰਾਸ਼ਟਰੀਕਰਨ ਕੀਤਾ ਗਿਆ। ਇਨਕਲਾਬ ਦੀਆਂ ਜੜ੍ਹਾਂ ਮਜ਼ਬੂਤ ਕਰਨ ਲਈ ਫ਼ਿਲਮ ਨੂੰ ਪ੍ਰਚਾਰ ਦਾ ਵਸੀਲਾ ਬਣਾਇਆ ਗਿਆ। ਦੂਜੇ ਪਾਸੇ ਹਿਟਲਰ ਦੇ ਜਰਮਨੀ ਵਿਚ ਫ਼ਾਸ਼ੀ ਲਹਿਰ ਜ਼ੋਰ ਫੜ ਰਹੀ ਸੀ। "ਜਰਮਨ ਲੋਕ ਤੇ ਦੇਸ ਸਭ ਦੇਸ਼ਾਂ ਨਾਲੋਂ ਉਚਾ, ਸੁਚਾ ਤੇ ਉਨਤ ਹੈ" — ਦਾ ਓਥੇ ਪ੍ਰਚਾਰ ਹੋਣ ਲਗਾ। ਜਿਹੜੀ ਕਲਾ-ਕਿਰਤ ਹਿਟਲਰ ਦੇ ਵਿਚਾਰਾਂ ਦਾ ਖੰਡਨ ਜਾਂ ਵਿਰੋਧ ਕਰਦੀ ਸੀ ਉਸ ਨੂੰ ਦਬਾ ਦਿਤਾ ਗਿਆ ਜਾਂ ਖ਼ਤਮ ਕਰ ਦਿਤਾ ਗਿਆ। ਕਿੰਨਾ ਸਾਹਿਤ ਫ਼ਾਸ਼ੀ ਲਹਿਰ ਦੇ ਹੱਕ ਵਿਚ ਲਿਖਿਆ ਗਿਆ ਜਾਂ ਲਿਖਣ ਲਈ ਮਜਬੂਰ ਕੀਤਾ ਗਿਆ। 1936 ਦੇ ਫ਼ਾਸ਼ੀ ਜਰਮਨ ਅੰਦਰ ਵੀਹ ਹਜ਼ਾਰ ਕਿਤਾਬਾਂ ਨੂੰ ਫ਼ਾਸ਼ੀ ਲਹਿਰ ਦੇ ਵਿਰੁਧ ਕਹਿ ਕੇ ਜਲਾ ਦਿਤਾ ਗਿਆ। ਯਹੂਦੀ, ਮਜ਼ਦੂਰ-ਕਿਸਾਨ ਸੰਗਠਨਾਂ ਨੂੰ ਦੁਨੀਆ ਦੇ ਨਕਸ਼ੇ ਤੋਂ ਮਿਟਾਉਣ ਦੇ ਹੀਲੇ ਕੀਤੇ ਜਾਣ ਲਗੇ। ਫ਼ਾਸ਼ੀ ਪ੍ਰਚਾਰ ਨੂੰ ਮੁਖ ਰਖ ਕੇ ਕਿੰਨੀਆਂ ਫ਼ਿਲਮਾਂ ਦਾ ਉਤਪਾਦਨ ਹੋਇਆ ਤੇ ਸਾਰੇ ਦੇਸ਼ ਅੰਦਰ ਰਾਜਸੀ ਤੌਰ ਉਤੇ ਪ੍ਰਦਰਸ਼ਨ ਹੋਇਆ। ਫ਼ਾਸ਼ੀ ਪ੍ਰਚਾਰ ਦਾ ਅਸਰ ਹੋਇਆ ਤੇ ਜਰਮਨੀ ਦੁਨੀਆ ਨੂੰ ਦੂਜੇ ਸੰਸਾਰ ਯੁਧ ਦੀ ਅੱਗ ਵਿਚ ਖਿੱਚਣ ਲਈ ਸਫਲ ਹੋ ਗਿਆ।

ਦੂਸਰੇ ਦੇਸ਼ਾਂ ਵਿਚ ਫਾਸ਼ੀ ਜਰਮਨੀ ਵਿਰੁਧ ਫ਼ਿਲਮ ਰਾਹੀਂ ਪ੍ਰਚਾਰ ਯੁਧ ਸਮੇਂ ਹੀ ਸ਼ੁਰੂ ਹੋ ਗਿਆ ਸੀ। ਅਮਰੀਕਾ ਤੇ ਰੂਸ ਵਿਚ ਫ਼ਾਸ਼ੀ ਜਰਮਨੀ ਤੇ ਯੁਧ ਵਿਰੁਧ ਕਈ ਫ਼ਿਲਮਾਂ ਬਣੀਆਂ। ਅਮਰੀਕਾ ਦੇ ਸਫਲ ਤੇ ਮਸ਼ਹੂਰ ਫ਼ਿਲਮ ਨਿਰਦੇਸ਼ਕ ਵਾਲਟਰ ਵੈਗਨਰ ਨੇ ਇਕ ਥਾਂ ਕਿਹਾ ਹੈ ਕਿ ਜਦੋਂ ਭਵਿਖ ਦੇ ਇਤਿਹਾਸਕਾਰ ਦੂਜੇ ਸੰਸਾਰ ਯੁਧ ਦਾ ਇਤਿਹਾਸ ਲਿਖਣਗੇ ਤਾਂ ਫ਼ਾਸ਼ੀ ਜਰਮਨੀ ਨੂੰ ਹਰਾਉਣ ਵਿਚ ਫ਼ਿਲਮ ਦੀ ਦੇਣ ਦਾ ਸੁਨਹਿਰੀ ਅੱਖਰਾਂ ਵਿਚ ਵਰਣਨ ਕਰਣਗੇ। ਯੁਧ ਪਿਛੋਂ ਅਜ ਤਕ ਅਮਰੀਕਾ ਤੇ ਰੂਸ ਵਿਚ ਯੁਧ ਵਿਰੋਧੀ ਫ਼ਿਲਮਾਂ ਬਣਦੀਆਂ ਆ ਰਹੀਆਂ ਹਨ। ਪਰ ਅਮਰੀਕਨ ਫ਼ਿਲਮਾਂ ਦਾ ਵਿਸ਼ਾ ਅਮਰੀਕਨ ਸਿਪਾਹੀਆਂ ਦੀ ਬਹਾਦਰੀ ਤੇ ਹੌਂਸਲਾ ਦਰਸਾਉਣ ਤਕ ਹੀ ਜ਼ਿਆਦਾ ਤਰ ਸੀਮਤ ਰਿਹਾ ਹੈ, ਜਿਥੇ ਰੂਸ ਦੇ ਫ਼ਿਲਮ ਨਿਰਦੇਸ਼ਕਾਂ ਨੇ ਅਸਲ ਵਿਚ ਯੁਧ ਵਿਰੋਧੀ ਫ਼ਿਲਮਾਂ ਬਣਾਈਆਂ। ਰੂਸ ਵਿਚ ਬਣੀਆਂ ਇਨਾਮ ਜੇਤੂ ਫ਼ਿਲਮਾਂ "ਕਰੇਨਜ਼ ਆਰ ਫ਼ਲਾਈਇੰਗ" ਤੇ "ਬੈਲਡ ਆਫ਼ ਏ ਸੋਲਜਰ" ਦੁਨੀਆ ਦੀਆਂ ਸਭ ਤੋਂ ਵਧੀਆ ਯੁਧ ਵਿਰੋਧੀ ਫ਼ਿਲਮਾਂ ਮੰਨੀਆਂ ਜਾਂਦੀਆਂ ਹਨ। ਇਹਨਾਂ ਫ਼ਿਲਮਾਂ ਵਿਚ ਯੁਧ ਦ੍ਰਿਸ਼ ਬਹੁਤ ਘਟ ਹਨ ਪਰ ਯੁਧ ਦਾ ਸਮਾਜਕ ਜ਼ਿੰਦਗੀ ਉਤੇ ਕੀ ਪ੍ਰਭਾਵ ਪੈਂਦਾ ਹੈ, ਬੜੇ ਸੁਹਣੇ ਤੇ ਸੁਚੱਜੇ ਢੰਗ ਨਾਲ ਦਿਖਾਇਆ ਗਿਆ ਹੈ।

ਦੂਜੇ ਸੰਸਾਰ ਯੁਧ ਪਿਛੋਂ ਸਭ ਦੇਸ਼ਾਂ ਉਤੇ ਰੂਸ ਦੀ ਰਾਜਨੀਤੀ ਦਾ ਅਸਰ ਪੈਣ ਲਗਾ। ਹਾਲੀਵੁਡ (ਅਮਰੀਕਾ) ਵਿਚ ਕਈ ਫ਼ਿਲਮ ਨਿਰਦੇਸ਼ਕ ਤੇ ਕਲਾਕਾਰ ਕਮਿਊਨਿਜ਼ਮ ਤੋਂ ਪ੍ਰਭਾਵਿਤ ਹੋਏ ਤੇ ਉਨ੍ਹਾਂ ਦੀਆਂ ਕਲਾ-ਕ੍ਰਿਤਾਂ ਉਤੇ ਵੀ

ਉਨ੍ਹਾਂ ਦੀ ਨਵੀਂ ਸੋਚ ਦੀ ਮੋਹਰ ਦਿਖਾਈ ਦੇਣ ਲਗੀ। ਪਰ ਸਰਮਾਏਦਾਰੀ ਸਰਕਾਰ ਆਪਣੀ ਅਲੋਚਨਾ ਕਿਵੇਂ ਬਰ-ਦਾਸ਼ਤ ਕਰ ਸਕਦੀ ਸੀ। ਨਤੀਜੇ ਵਜੋਂ ਦੇਸ਼ ਦੀ ਫ਼ਿਲਮ ਸੈਂਸਰ ਨੀਤੀ ਨੂੰ ਸਖ਼ਤ ਕੀਤਾ ਗਿਆ। ਜਿਵੇਂ ਯੁਧ ਸਮੇਂ ਤੇ ਯੁਧ ਪਿਛੋਂ ਨਾਜ਼ੀ ਜਰਮਨੀ ਵਿਰੁਧ ਫ਼ਿਲਮਾਂ ਬਣੀਆਂ ਸਨ ਉਸੇ ਗਤੀ ਨਾਲ ਕਮਿਊਨਿਜ਼ਮ ਵਿਰੁਧ ਫ਼ਿਲਮਾਂ ਬਣਨ ਲਗੀਆਂ। ਇਨ੍ਹਾਂ ਫ਼ਿਲਮਾਂ ਵਿਚ ਨਾਇਕ ਜਾਂ ਸਹਾਇਕ ਨਾਇਕ ਜ਼ੋਰ ਦੇ ਕੇ ਕਹਿੰਦਾ ਜਾਂ ਸੌਂਹ ਖਾਂਦਾ ਦਿਖਾਇਆ ਜਾਂਦਾ ਸੀ ਕਿ ਉਹ ਕਮਿਊਨਿਸਟ ਨਹੀਂ ਹੈ। ਕਮਿਊਨਿਜ਼ਮ ਪਖੀ ਸੋਚਦੇ ਕਲਾਕਾਰਾਂ, ਲੇਖਕਾਂ ਤੇ ਨਿਰਦੇਸ਼ਕਾਂ ਦੇ ਨਾਂ ਵਾਰੰਟ ਜਾਰੀ ਕੀਤੇ ਗਏ। ਉਨ੍ਹਾਂ ਨੂੰ ਦੇਸ਼ ਧ੍ਰੋਹੀ ਕਿਹਾ ਗਿਆ ਤੇ ਪ੍ਰੈਸ ਰਾਹੀਂ ਉਨ੍ਹਾਂ ਵਿਰੁਧ ਪ੍ਰਹਾਰ ਕੀਤਾ ਗਿਆ। ਜਿਸ ਦਾ ਅਸਰ ਕਲਾਕਾਰਾਂ ਦੇ ਪੇਸ਼ੇ ਉਤੇ ਪਿਆ ਤੇ ਉਹ ਨਿਰਾਸ਼ ਹੋ ਗਏ। ਪਰ ਇਸ ਸਮੇਂ ਵਿਚ ਬਣੀਆਂ ਫ਼ਿਲਮਾਂ ਵਿਚ ਸਰਕਾਰ ਨੂੰ ਖ਼ੁਸ਼ ਕਰਨ ਲਈ ਵਧੇਰੇ ਧਿਆਨ ਨਾਹਰੇਬਾਜ਼ੀ ਉਤੇ ਦਿਤਾ ਗਿਆ। ਫ਼ਿਲਮੀਕਰਨ ਤੇ ਵਿਸ਼ੇ ਪਖੋਂ ਇਹ ਫ਼ਿਲਮਾਂ ਘਟੀਆ ਸਨ। ਛੇਤੀ ਹੀ ਦਰਸ਼ਕ ਇਨ੍ਹਾਂ ਫ਼ਿਲਮਾਂ ਨੂੰ ਭੁਲ ਗਏ।

ਹਾਲੀਵੁਡ ਵਿਚ ਅਜਕਲ ਵੀ ਤਿਆਰ ਹੋ ਰਹੀਆਂ ਆਮ ਫ਼ਿਲਮਾਂ ਵਿਚ ਰੈਡ ਇੰਡੀਅਨ, ਨੀਗਰੋ, ਏਸ਼ੀਅਨ ਲੋਕਾਂ ਦਾ ਪਾਤਰ ਚਿਤਰਨ ਬਹੁਤ ਹਾਸੋਹੀਣਾ, ਅਣਯਥਾਰਥਕ ਤੇ ਸਤੱਹੀ ਹੁੰਦਾ ਹੈ, ਜਿਸ ਨੂੰ ਦੇਖ ਕੇ ਆਮ ਦਰਸ਼ਕ ਇਨ੍ਹਾਂ ਕੌਮਾਂ ਦੇ ਮਨੁਖਾਂ ਨੂੰ ਨਫ਼ਰਤ ਕਰ ਸਕਦਾ ਹੈ ਜਾਂ ਉਨ੍ਹਾਂ ਦੀ ਖਿੱਲੀ ਉਡਾ ਸਕਦਾ ਹੈ। ਅਮਰੀਕਾ ਵਿਚ ਨੀਗਰੋ, ਰੈਡ ਇੰਡੀਅਨ, ਏਸ਼ੀਅਨ ਆਦਿ ਲੋਕਾਂ ਨਾਲ ਫ਼ਿਲਮਾਂ ਵਿਚ, ਥੀਏਟਰਾਂ ਵਿਚ, ਸਮੁੰਦਰ ਕੰਢਿਆਂ ਉਤੇ, ਲੋਕਲ ਬੱਸਾਂ ਤੇ ਗੱਡੀਆਂ ਵਿਚ, ਕਾਫ਼ੀ ਹਾਊਸ ਤੇ ਹੋਟਲਾਂ ਵਿਚ ਇਥੋਂ ਤਕ ਕੇ ਸਮਸ਼ਾਨ ਭੂਮੀ ਵਿਚ ਵੀ ਗੋਰੀ ਨਸਲ ਦਾ ਵਿਤਕਰਾ ਹੈ। ਹਾਲੀਵੁਡ ਦੀਆਂ ਫ਼ਿਲਮਾਂ ਵਿਚ ਕੁਝ ਕੁ ਨੀਗਰੋ ਕਲਾਕਾਰਾਂ ਨੂੰ ਛਡ ਕੇ ਆਮ ਤੌਰ ਉਤੇ ਨੀਗਰੋ ਕਲਾਕਾਰਾਂ ਨੂੰ ਫ਼ਿਲਮ ਵਿਚ ਵਾਤਾਵਰਨ ਬਨਾਉਣ ਲਈ ਵਰਤਿਆ ਜਾਂਦਾ ਹੈ। ਕਈ ਸਿਆਣੇ ਤੇ ਸੁਚੱਜੇ ਨੀਗਰੋ ਕਲਾਕਾਰਾਂ ਨੇ ਇਸ ਪੱਖਬਾਜ਼ੀ ਦਾ ਖੰਡਨ ਕਰਦਿਆਂ ਹਾਲੀਵੁਡ ਦੀਆਂ ਫ਼ਿਲਮਾਂ ਵਿਚ ਕੰਮ ਕਰਨਾ ਅਸਵੀਕਾਰ ਕੀਤਾ ਹੈ। ਸੱਚਾ ਕਲਾਕਾਰ ਕਦੇ ਵੀ ਬੇ-ਇਨਸਾਫ਼ੀ ਬਰਦਾਸ਼ਤ ਨਹੀਂ ਕਰ ਸਕਦਾ। ਹਾਲੀਵੁਡ ਵਿਚ ਤਿਆਰ ਹੋਈ ਮਸ਼ਹੂਰ ਫ਼ਿਲਮ 'ਗਾਡਫ਼ਾਦਰ' ਦੇ ਸੰਸਾਰ ਪ੍ਰਸਿਧ ਅਦਾਕਾਰ ਮਾਰਲਨ ਬਰਾਡੋਂ ਨੇ ਵਧੀਆ ਅਦਾਕਾਰੀ ਲਈ ਸਾਲ ਦਾ ਮਸ਼ਹੂਰ ਪੁਰਸਕਾਰ 'ਆਸਕਰ' ਲੈਣ ਤੋਂ ਇਨਕਾਰ ਕਰ ਦਿਤਾ ਹੈ। ਇਸ ਅਦਾਕਾਰ ਦਾ ਗਿਲਾ ਹੈ ਕਿ ਅਮਰੀਕਾ ਵਿਚ ਤਿਆਰ ਹੋ ਰਹੀਆਂ ਫ਼ਿਲਮਾਂ ਵਿਚ ਰੈਡ ਇੰਡੀਅਨ ਲੋਕਾਂ ਦਾ ਪਾਤਰ ਚਿਤਰਨ ਗ਼ਲਤ ਕੀਤਾ ਜਾਂਦਾ ਹੈ। ਆਪਣੀ ਜਾਇਦਾਦ ਦਾ ਇਕ ਵੱਡਾ ਹਿੱਸਾ ਉਸ ਨੇ ਰੈਡ ਇੰਡੀਅਨ ਲੋਕਾਂ ਨੂੰ ਦੇਣ ਦਾ ਐਲਾਨ ਕੀਤਾ ਹੈ।

## ਭਾਰਤ ਵਿਚ ਰਾਜਨੀਤਕ ਵਿਸ਼ਿਆਂ ਉਤੇ ਫ਼ਿਲਮਾਂ

### • ਆਜ਼ਾਦੀ ਤੋਂ ਪਹਿਲਾਂ •

ਭਾਰਤ ਵਿਚ ਫ਼ਿਲਮ ਉਦਯੋਗ ਦੇ ਮੁਢਲੇ ਸਮੇਂ ਵਿਚ ਧਾਰਮਿਕ ਤੇ ਮਿਥਿਹਾਸਕ ਵਿਸ਼ਿਆਂ ਨੂੰ ਤਰਜੀਹ ਦਿਤੀ ਜਾਂਦੀ ਸੀ। ਜਿਉਂ ਜਿਉਂ ਆਜ਼ਾਦੀ ਲਈ ਲਹਿਰ ਗਤੀ ਫੜਦੀ ਗਈ, ਸਵਦੇਸ਼ੀ ਲਹਿਰ ਦਾ ਅਸਰ ਵਧਦਾ ਗਿਆ। ਕਈ ਫ਼ਿਲਮ ਨਿਰਮਾਤਾ ਰਾਜਨੀਤਿਕ ਵਿਸ਼ਿਆਂ ਤੇ ਫ਼ਿਲਮਾਂ ਬਣਾਉਣ ਦਾ ਉਦਮ ਕਰਨ ਲਗੇ। ਅੰਗਰੇਜ਼ ਸਰਕਾਰ ਫ਼ਿਲਮ ਦੀ ਮਹੱਤਤਾ ਨੂੰ ਸਮਝਦੀ ਸੀ। ਫ਼ਿਲਮ ਸੈਂਸਰ ਨੀਤੀ ਨੂੰ ਸਖ਼ਤ ਕਰ ਦਿਤਾ ਗਿਆ। ਮੁਸ਼ਕਲਾਂ ਦੇ ਬਾਵਜੂਦ ਵੀ ਕਈ ਫ਼ਿਲਮ ਨਿਰਮਾਤਾਵਾਂ ਨੇ ਰਾਜਨੀਤਕ ਵਿਸ਼ਿਆਂ ਨੂੰ ਪਰਦੇ ਉਤੇ ਸਾਕਾਰ ਕਰਨ ਦਾ ਉਦਮ ਕੀਤਾ। ਸਰਕਾਰ ਨੇ ਫ਼ਿਲਮ ਨਿਰਮਾਤਾਵਾਂ ਦੇ ਹੌਸਲੇ ਠੰਡੇ ਕਰਨ ਲਈ ਕਈ ਫ਼ਿਲਮਾਂ ਦੇ ਪ੍ਰਦਰਸ਼ਨ ਉਤੇ ਪਾਬੰਦੀ ਵੀ ਲਾਈ।

ਮਹਿਬੂਬ ਖ਼ਾਨ (ਜਿਸ ਦੀ ਕੰਪਨੀ ਦਾ ਨਿਸ਼ਾਨ 'ਦਾਤੀ ਹਥੌੜਾ' ਸੀ) ਨੇ 'ਰੋਟੀ' ਫ਼ਿਲਮ ਦਾ ਉਤਪਾਦਨ ਕੀਤਾ। ਇਹ ਫ਼ਿਲਮ ਸਮਾਜ ਵਿਚ ਆਰਥਕ ਬਰਾਬਰੀ ਦੇ ਹੱਕ ਵਿਚ ਸੀ। ਪੇਂਡੂ ਤੇ ਨੁਮਾਇਸ਼ੀ ਸ਼ਹਿਰੀ ਜੀਵਨ ਦੀ ਵੀ ਇਸ ਫ਼ਿਲਮ ਵਿਚ ਝਲਕ ਸੀ। ਮਹਿਬੂਬ ਖ਼ਾਨ ਦੀ ਫ਼ਿਲਮ "ਔਰਤ" ਕਿਸਾਨ ਤੇ ਸੂਦਖ਼ੋਰ ਬਾਣੀਏ ਦੀ ਕਹਾਣੀ ਸੀ। ਇਸੇ ਕਹਾਣੀ ਦੇ ਅਧਾਰ ਉਤੇ ਬਾਅਦ ਵਿਚ ਨਰਗਿਸ ਨੂੰ ਲੈ ਕੇ ਮਹਿਬੂਬ ਖ਼ਾਨ ਨੇ "ਮਦਰ ਇੰਡੀਆ" ਫ਼ਿਲਮ ਬਣਾਈ।

'ਡਾਕਟਰ ਕੋਟਨੀਸ ਕੀ ਅਮਰ ਕਹਾਣੀ' (ਖ਼ਵਾਜਾ ਅਹਿਮਦ ਆਬਾਸ ਦੀ ਕਹਾਣੀ ਉਤੇ ਅਧਾਰਿਤ), 'ਧਰਮਾਤਮਾ', 'ਪੜੋਸੀ' ਫ਼ਿਲਮਾਂ ਵਿਚ ਵੀ. ਸ਼ਾਂਤਾਰਾਮ ਨੇ ਹਿੰਦੂ-ਮੁਸਲਮਾਨ ਏਕਤਾ, ਛੂਤ-ਅਛੂਤ, ਭਰਿਸ਼ਟਾਚਾਰ ਵਿਸ਼ਿਆਂ ਨੂੰ ਛੁਹਿਆ। ਜੇਅੰਤ ਦੇਸਾਈ ਦੀ ਫ਼ਿਲਮ 'ਅਮਰ ਕੀਰਤਨ' ਵਿਚ ਆਜ਼ਾਦੀ ਲਈ ਸੰਘਰਸ਼ ਕਰ ਰਹੇ ਦੇਸ਼-ਭਗਤਾਂ ਦਾ ਵਰਨਣ ਸੀ। ਇਸ ਫ਼ਿਲਮ ਵਿਚ ਕੁਝ ਦ੍ਰਿਸ਼ 'ਬਰਦੋਲੀ ਲਹਿਰ' ਦੇ ਵੀ ਸਨ। ਫ਼ਿਲਮ ਦੇ ਪ੍ਰਦਰਸ਼ਨ ਤੇ ਸੈਂਸਰ ਬੋਰਡ ਨੇ ਪਾਬੰਦੀ ਲਾ ਦਿਤੀ। ਆਰ. ਸੀ. ਚੌਧਰੀ ਦੀ ਫ਼ਿਲਮ 'ਬੰਬ' ਵਿਚ ਸਰਮਾਏਦਾਰੀ ਜਮਾਤ ਤੇ ਮਜ਼ਦੂਰ ਜਮਾਤ ਦੇ ਸੰਬੰਧਾਂ ਦਾ ਉਲੇਖ ਸੀ। ਕਾਵਾਸੀ ਨਾਂ ਦੇ ਅਦਾਕਾਰ ਨੇ ਇਸ ਫ਼ਿਲਮ ਵਿਚ ਮਹਾਤਮਾ ਗਾਂਧੀ ਦਾ ਕਿਰਦਾਰ ਖੇਡਿਆ ਸੀ। ਫ਼ਿਲਮ ਦਾ ਪ੍ਰਦਰਸ਼ਨ ਰੋਕ ਦਿਤਾ ਗਿਆ। ਅਖ਼ੀਰ ਕਈ ਦ੍ਰਿਸ਼ਾਂ ਨੂੰ ਬਦਲਿਆ ਗਿਆ ਤੇ ਫ਼ਿਲਮ ਦਾ ਨਾਂ ਬਦਲ ਕੇ 'ਖ਼ੁਦਾ ਕਾ ਬੰਦਾ' ਰਖ ਦਿਤਾ ਗਿਆ।

'ਧਰਤੀ ਕੇ ਲਾਲ' (1944) ਖ਼ਵਾਜਾ ਅਹਿਮਦ ਆਬਾਸ ਦੇ ਨਿਰਦੇਸ਼ਕ ਹੇਠ ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ (ਇਪਟਾ) ਨੇ ਬੰਗਲ ਆਕਾਲ ਉਤੇ [illegible] ਸੀ. ਬਰੂਆ ਦੀਆਂ 'ਮੁਕਤੀ' ਤੇ 'ਜ਼ਿੰਦਗੀ' ਫ਼ਿਲਮਾਂ ਬੁਰਜੂਆ ਜਮਾਤ ਦੇ ਖੋਖਲੇ ਜੀਵਨ ਦਾ ਵਰਣਨ ਕਰਦੀਆਂ ਸਨ।

### • ਆਜ਼ਾਦੀ ਤੋਂ ਪਿਛੋਂ •

1947 ਵਿਚ ਭਾਰਤ ਨੂੰ ਆਜ਼ਾਦੀ ਮਿਲੀ। ਦੇਸ਼ ਦੇ ਟੁਕੜੇ ਹੋਏ। ਆਜ਼ਾਦ ਭਾਰਤ ਨੇ ਲੋਕ-ਰਾਜ ਨੀਤੀ ਨੂੰ ਅਪਣਾਇਆ। ਰੂੜ੍ਹੀਵਾਦੀ ਸੋਚ ਤੋਂ ਸਮਾਜ ਨੂੰ ਮੁਕਤ ਕਰਾਉਣ ਲਈ ਸਮਾਜਕ ਬੁਰਾਈਆਂ ਤੇ ਭਰਿਸ਼ਟਾਚਾਰ ਉਤੇ ਕਈ ਫ਼ਿਲਮਾਂ ਬਣੀਆਂ। ਦੇਸ਼ ਦੀ ਵੰਡ ਦਾ ਜੋ ਭਿਆਨਕ ਅਸਰ ਹੋਇਆ ਉਸ ਨੂੰ ਫ਼ਿਲਮਾਉਣ ਦੀ ਅਸਫਲ ਕੋਸ਼ਿਸ਼ ਕੀਤੀ ਗਈ। ਦੇਸ਼ ਦੀ ਵੰਡ ਉਤੇ ਸਭ ਤੋਂ ਵਧੀਆ ਫ਼ਿਲਮ ਐਮ. ਐਸ. ਸਥਯੂ ਨੇ 'ਗਰਮ ਹਵਾ' (ਬਲਰਾਜ ਸਾਹਨੀ ਨਾਇਕ) ਬਣਾਈ ਹੈ।

ਚੇਤਨ ਆਨੰਦ ਦੀ ਅੰਤਰ-ਰਾਸ਼ਟਰੀ ਗਰਾਂ ਪਰੀ ਪੁਰਸ-ਕਾਰ ਜੇਤੂ ਫ਼ਿਲਮ 'ਨੀਚਾ ਨਗਰ' (ਆਰਥਕ ਵਿਤਕਰਾ),

ਰਾਜਕਪੂਰ ਦੀ 'ਆਵਾਰਾ' (ਮਨੁਖ ਦੀ ਸੋਚ ਜਮਾਂਦਰੂ ਨਹੀਂ ਸਗੋਂ ਵਾਤਾਵਰਨ ਦੀ ਪੈਦਾਵਿਸ਼ ਹੈ), ਬਿਮਲ ਰਾਏ ਦੀ 'ਦੋ ਵਿਘਾ ਜ਼ਮੀਨ' (ਬਲਰਾਜ ਸਾਹਨੀ ਨਾਇਕ, ਕਿਸਾਨ ਤੇ ਜ਼ਿਮੀਂਦਾਰੀ ਪ੍ਰਬੰਧ ਉਤੇ), ਜ਼ਿਆ ਸਰਹੱਦੀ ਦੀ 'ਹਮਲੋਗ' (ਬਲਰਾਜ ਸਾਹਨੀ ਨਾਇਕ, ਹੇਠਲੇ ਤਬਕੇ ਦੇ ਪਰਵਾਰ ਦੇ ਜੀਵਨ ਲਈ ਸੰਘਰਸ਼ ਉਤੇ), ਰਮੇਸ਼ ਸਹਿਗਲ ਦੀ 'ਫਿਰ ਸੁਬਹਾ ਹੋਗੀ' (ਦੋਸਤੋਵਸਕੀ ਦੇ ਨਾਵਲ 'ਜੁਰਮ ਤੇ ਸਜ਼ਾ' ਉਤੇ ਅਧਾਰਤ) ਬੀ. ਆਰ. ਚੋਪੜਾ ਦੀ 'ਨਯਾ ਦੌਰ' (ਮਜ਼ਦੂਰ ਤੇ ਮਸ਼ੀਨ ਦੇ ਸੰਬੰਧਾਂ ਉਤੇ), 'ਪੈਗਾਮ', 'ਸਗੀਨਾ', 'ਨਮਕ ਹਰਾਮ' ਫ਼ਿਲਮਾਂ ਮਜ਼ਦੂਰ ਸੰਗਠਨ ਲਹਿਰ ਉਤੇ ਬਣੀਆਂ। 'ਸਮਾਜ ਕੋ ਬਦਲ ਡਾਲੋ' (ਗਰੀਬੀ ਤੇ ਭੁਖ ਮਰੀ ਉਤੇ), ਆਬਾਸ ਦੀ 'ਸਾਤ ਹਿੰਦੁਸਤਾਨੀ' (ਗੋਆ ਉਤੇ), ਗੁਰੂਦਤ ਦੀ ਫ਼ਿਲਮ 'ਪਿਆਸਾ' (ਭਰਿਸ਼ਟਾਚਾਰ ਤੇ ਮੌਕਾ-ਪ੍ਰਸਤ ਸਮਾਜ ਉਤੇ, ਇਸ ਫ਼ਿਲਮ ਦਾ ਨਾਇਕ ਔਰਤਾਂ ਦੇ ਬਾਜ਼ਾਰ ਵਿਚ ਸਾਹਿਰ ਲੁਧਿਆਣਵੀ ਦੀ ਨਜ਼ਮ — 'ਜਿਨਹੇਂ ਨਾਜ਼ ਹੈ ਹਿੰਦ ਪਰ ਵੋਹ ਕਹਾਂ ਹੈਂ' ਗਾਉਂਦਾ ਹੈ), ਵਧੀਆ ਕਲਾ-ਕ੍ਰਿਤਾਂ ਹਨ।

ਬੰਗਾਲੀ, ਮਲਿਆਲਮ, ਮਰਾਠੀ ਤੇ ਕੰਨੜਾ ਭਾਸ਼ਾਵਾਂ ਵਿਚ ਕਈ ਵਧੀਆ ਫ਼ਿਲਮਾਂ ਬਣੀਆਂ ਹਨ। ਬੰਗਾਲ ਦੇ ਸਤਿਆਜੀਤ ਰੇ ਦੀ ਫ਼ਿਲਮ 'ਪਰੱਤੀਦਵੰਦੀ' (ਬੇਰੁਜ਼ਗਾਰ ਗੁਸੀਲੇ ਨੌਜਵਾਨ ਦੀ ਸਮਾਜ ਦੀਆਂ ਕਦਰਾਂ ਕੀਮਤਾਂ ਨਾਲ ਟੱਕਰ), 'ਅਸ਼ਾਨੀ ਸੰਕੇਤ' (ਬੰਗਾਲ ਅਕਾਲ ਤੇ, ਇਹਦਾ ਨਿਰਦੇਸ਼ਕ ਨਿਰਮਲ ਸੇਨ, ਬੰਗਲ ਦਾ ਮਾਰਕਸੀ ਸੋਚ ਦਾ ਫ਼ਿਲਮ ਨਿਰਦੇਸ਼ਕ ਹੈ। 'ਇੰਟਰਵਿਊ', 'ਕਲਕੱਤਾ ?', 'ਪਦਾਤਿਕ', 'ਭੁਵਨ ਸ਼ੋਮ', 'ਇਕ ਅਧੂਰੀ ਕਹਾਣੀ' ਤੇ 'ਕੋਰਸ' (ਇਸ ਫ਼ਿਲਮ ਨੂੰ ਮਾਸਕੋ ਅੰਤਰ-ਰਾਸ਼ਟਰੀ ਫ਼ਿਲਮ ਮੇਲੇ ਵਿਚ ਇਨਾਮ ਮਿਲਿਆ ਹੈ) ਪ੍ਰਗਤੀਸ਼ੀਲ ਵਿਸ਼ਿਆਂ ਤੇ ਅਧਾਰਿਤ ਫ਼ਿਲਮਾਂ ਹਨ। ਕੰਨੜ ਭਾਸ਼ਾ ਵਿਚ ਗਰੀਸ਼ ਕਾਰਨਾਡ ਨੇ ਚੰਗੀਆਂ ਫ਼ਿਲਮਾਂ ਬਣਾਈਆਂ ਹਨ।

ਪ੍ਰਾਂਤਿਕ ਭਾਸ਼ਾਵਾਂ ਵਿਚ ਤਿਆਰ ਹੋਈਆਂ ਫ਼ਿਲਮਾਂ ਦਾ ਸਮੁੱਚੇ ਭਾਰਤ ਵਿਚ ਪ੍ਰਦਰਸ਼ਨ ਨਹੀਂ ਹੁੰਦਾ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਅੰਤਰ-ਰਾਸ਼ਟਰੀ ਤੇ ਰਾਸ਼ਟਰੀ ਪੁਰਸ-ਕਾਰ ਜੇਤੂ ਫ਼ਿਲਮਾਂ ਨੂੰ ਹਿੰਦੀ ਵਿਚ ਡੱਬ ਕਰਕੇ ਸਾਰੇ ਭਾਰਤ ਵਿਚ ਪ੍ਰਦਰਸ਼ਨ ਕਰਨ ਲਈ ਮਦਦ ਕਰੇ। ਸਤਿਆਜੀਤ ਰੇ ਵਰਗੇ ਅੰਤਰ-ਰਾਸ਼ਟਰੀ ਪ੍ਰਸਿਧੀ ਦੇ ਭਾਰਤੀ ਫ਼ਿਲਮ ਨਿਰਦੇਸ਼ਕ ਦੀਆਂ ਫ਼ਿਲਮਾਂ ਭਾਰਤ ਵਿਚ ਕਿੰਨੇ ਕੁ ਲੋਕਾਂ ਨੇ ਵੇਖੀਆਂ ਹਨ ? ਵਪਾਰਕ ਫ਼ਿਲਮਾਂ ਦੀ ਇਜਾਰੇਦਾਰੀ ਕਾਰਨ ਤੇ ਦੇਸ਼ ਵਿਚ ਸਿਨਮਾ ਘਰਾਂ ਦੀ ਘਾਟ (ਕੁਲ 9000 ਸਿਨਮਾ, ਰੂਸ ਵਿਚ ਇਕ ਲੱਖ ਵੀਹ ਹਜ਼ਾਰ ਸਿਨਮਾਂ ਘਰ ਹਨ) ਕਾਰਨ ਕਈ ਪ੍ਰਗਤੀਸ਼ੀਲ ਤੇ ਕਲਾਤਮਕ ਫ਼ਿਲਮਾਂ ਦਾ ਸਾਰੇ ਦੇਸ਼ ਅੰਦਰ ਪ੍ਰਦਰਸ਼ਨ ਹੀ ਨਹੀਂ ਹੋ ਸਕਦਾ। ਇਸ ਸਮਸਿਆ ਦਾ ਹੱਲ ਹੈ ਕਿ ਹਰ ਪ੍ਰਾਂਤ ਦੀ ਸਰਕਾਰ ਮੁਖ ਸ਼ਹਿਰਾਂ ਵਿਚ ਕੁਝ ਸਿਨਮਾ ਘਰ ਅਜਿਹੀਆਂ ਫ਼ਿਲਮਾਂ ਲਈ ਰਾਖਵੇਂ ਰਖੇ ਜਾਂ ਫ਼ਿਲਮਾਂ ਦਾ ਆਪ ਪ੍ਰਦਰਸ਼ਨ ਕਰੇ।

ਤਾਮਿਲਨਾਡੂ ਪ੍ਰਾਂਤ ਵਿਚ ਫ਼ਿਲਮ ਉਦਯੋਗ ਪੂਰੀ ਤਰ੍ਹਾਂ ਰਾਜਨੀਤੀ ਤੋਂ ਪ੍ਰਭਾਵਿਤ ਹੈ। ਇਸ ਪ੍ਰਾਂਤ ਵਿਚ ਮਨ-ਪ੍ਰਚਾਵਾ ਰਾਜਸੀ ਪ੍ਰਚਾਰ ਬਣ ਗਿਆ ਹੈ ਤੇ ਰਾਜਸੀ ਪ੍ਰਚਾਰ ਮਨੋਰੰਜਨ। ਐਮ. ਜੀ. ਆਰ., ਸ਼ਿਵਾਜੀ ਗਨੇਸ਼ਨ ਤੇ ਕਰੂਨਾਨਿਧੀ ਰਾਜਸੀ ਪਾਰਟੀਆਂ ਦੀ ਨੁਮਾਇੰਦਗੀ ਵੀ ਕਰਦੇ ਹਨ ਤੇ ਤਾਮਿਲ ਫ਼ਿਲਮਾਂ ਦੇ ਥੰਮ ਵੀ ਹਨ। ਪਾਰਟੀਆਂ ਦੀ ਨੁਮਾਇੰਦਗੀ ਕਰਦੇ ਕਲਾਕਾਰ ਦੀ ਫ਼ਿਲਮ ਦੇਖਣਾ ਦਰਸ਼ਕ ਆਪਣਾ ਫ਼ਰਜ਼ ਸਮਝਦੇ ਹਨ।

ਹਿੰਦੀ ਫ਼ਿਲਮ ਉਦਯੋਗ (ਬੰਬਈ) ਦੇ ਨਵੇਂ ਫ਼ਿਲਮ ਨਿਰਦੇਸ਼ਕਾਂ ਵਿਚੋਂ ਗੁਲਜ਼ਾਰ (ਅਚਾਨਕ, ਕੋਸ਼ਿਸ਼, ਆਂਧੀ), ਸ਼ਿਆਮ ਬੈਨੇਗਲ (ਅੰਕੁਰ, ਨਿਸ਼ਾਂਤ (ਰਾਤ ਦਾ ਅੰਤ) ਸਿਆਣੀ ਰਾਜਸੀ ਸੂਝ ਰਖਦੇ ਹਨ। ਇਹ ਫ਼ਿਲਮ ਨਿਰਦੇਸ਼ਕ ਸਮਾਜਕ ਤੇ ਰਾਜਸੀ ਸਮਸਿਆ ਦਾ ਪਰਦੇ ਉਤੇ ਪ੍ਰਦਰਸ਼ਨ ਹੀ ਨਹੀਂ ਕਰਦੇ, ਸਗੋਂ ਵਿਸ਼ਲੇਸ਼ਨ ਵੀ ਕਰਦੇ ਹਨ।

ਭਾਰਤ ਵਿਚ ਸਰਕਾਰ ਦੀ ਕਰੜੀ ਸੈਂਸਰ ਨੀਤੀ ਕਾਰਨ ਕੋਈ ਵੀ ਫ਼ਿਲਮ ਨਿਰਮਾਤਾ ਤੇ ਨਿਰਦੇਸ਼ਕ ਰਾਜਨੀਤੀ ਦੇ ਵਿਸ਼ੇ ਨੂੰ ਸੰਜੀਦਗੀ ਨਾਲ ਨਹੀਂ ਛੋਹ ਸਕਿਆ। ਐਸ. ਸੁਖਦੇਵ ਦੀ ਡਾਕੂਮੈਂਟਰੀ ਫ਼ਿਲਮ "ਇੰਡੀਆ 67" ਦਾ ਪੰਜ ਸਾਲ ਤਕ ਪ੍ਰਦਰਸ਼ਨ ਨਹੀਂ ਹੋ ਸਕਿਆ ਸੀ। ਬਾਅਦ ਵਿਚ ਕੱਟ-ਵੱਢ ਕਰਕੇ ਪੂਰੀ ਫ਼ਿਲਮ ਦਾ ਇਕ ਤਿਹਾਈ ਹਿੱਸਾ ਪ੍ਰਦਰਸ਼ਨ ਹੋ ਸਕਿਆ। ਖ਼ਵਾਜਾ ਅਹਿਮਦ ਅਬਾਸ ਦੀ ਡਾਕੂਮੈਂਟਰੀ ਫ਼ਿਲਮ "ਟੇਲ ਆਫ਼ ਫੋਰ ਸਿਟੀਜ਼" (ਚਾਰ ਸ਼ਹਿਰਾਂ ਦੀ ਕਹਾਣੀ — ਬੰਬਈ, ਕਲਕਤਾ, ਮਦਰਾਸ, ਦਿੱਲੀ) ਦਾ ਪ੍ਰਦਰਸ਼ਨ ਕਾਫ਼ੀ ਦੇਰ ਤਕ ਰੁਕਿਆ ਰਿਹਾ। ਗੁਲਜ਼ਾਰ ਦੀ ਫ਼ਿਲਮ 'ਆਂਧੀ' (ਰਾਜਨੀਤੀ ਦੇ ਦਾਅ-ਪੇਚ) ਦਾ ਪ੍ਰਦਰਸ਼ਨ ਰੋਕ ਦਿਤਾ ਗਿਆ ਹੈ। ਇਸ ਤਰ੍ਹਾਂ ਦੀਆਂ ਹੋਰ ਵੀ ਕਈ ਉਦਾਹਰਣਾਂ ਹਨ।

●


# ATLANTIC TV & APPLIANCES

*5128 Joyce Street, Vancouver*

**437-1004 (24 hours)**
**or 437-3913**

*Specializing in Admiral Products*

Color TV • Stereo • Ranges • Washers • Dryers • Freezers •
• Tape Recorders • Radios

**Teery Rakhra, C.E.T.**

DARSHAN SINGH MANN'S

# TRAVEL WORLD

ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਜਾਣ ਲਈ
ਜਾਂ ਆਪਣੇ ਸਨੇਹੀਆਂ ਨੂੰ ਮੰਗਵਾਉਣ ਲਈ ਸਾਨੂੰ ਆ
ਕੇ ਦਰਸ਼ਨ ਦਿਉ।

ਅਸੀਂ ਸਾਰੀਆਂ ਏਅਰ ਲਾਈਨਜ਼ ਦੀਆਂ
ਟਿਕਟਾਂ ਸਸਤੀਆਂ ਵੇਚਦੇ ਹਾਂ।

ਪਾਸਪੋਰਟ ਤੇ ਵੀਜ਼ਾ ਲੈਣ ਵਿਚ ਪੂਰੀ ਮੱਦਦ
ਕੀਤੀ ਜਾਂਦੀ ਹੈ।

ਸਾਡੇ ਦਫ਼ਤਰ ਦਿਲੀ, ਚੰਡੀਗੜ੍ਹ, ਲੁਧਿਆਣਾ
ਅਤੇ ਜਾਲੰਧਰ ਆਦਿ ਸ਼ਹਿਰਾਂ ਵਿੱਚ ਤੁਹਾਡੀ ਸੇਵਾ ਲਈ
ਹਾਜ਼ਰ ਹਨ।



**435-3953**

ਦਰਸ਼ਨ ਸਿੰਘ ਮਾਨ

FOR ANY KIND OF

## PHOTOGRAPHY

REMEMBER

OPEN
9:30 a.m.
5:30 p.m.
FRIDAY
9:30 a.m.
7:00 p.m.



PORTRAITS
PASSPORTS
WEDDINGS

## KARTAR PHOTO STUDIO

47 KINGSWAY
PHONE 872-0622
872-0623

KARTAR FILMS INTERNATIONAL
IMPORTERS OF
E. INDIAN MOVIES
AND
DISTRIBUTOR
TO
U.S.A. AND CANADA

SPECIALIST IN ALL KINDS OF PHOTOGRAPHY
WE ALSO SELL
CAMERAS AND ACCESSORIES

ਭਾਰਤੀ ਆਰਟ ਜਿਊਲਰਜ਼

ORIENTAL SILVER AND GOLD JEWELRY REPAIRING



New Store
9:00 a.m. to 8:30 p.m.

## BHARTI ART JEWELLERS

*Specialist in East Indian Jewelry Craftware*

RASIK PAREKH
Res.: 879-5610
Store: 874-9448

865 Kingsway nr. Fraser
Vancouver B.C., Canada

We Also Take Orders For
Marriage Party Photos and Group Photos
Contact Raj

FOR ANY KIND OF

## PHOTOGRAPHY

REMEMBER

## SANDEEP STUDIO

CALL

HARCHARAN SINGH JHUTEE

**435-3634**

THINKING OF TRAVEL?
*WE CAN SAVE YOU MONEY, TIME AND TROUBLE*

GROUPS – CHARTER – EXCURSION
PAY LATER
SPECIAL IMMIGRANT FARES AVAILABLE

## GOYAL TRAVELS

4100 FRASER STREET, VANCOUVER 10, B.C.
PHONE: 872-7658

ASSOCIATE OFFICES:
1. NEAR COURTS, MOGA, PANJAB (INDIA) – PHONE 799
2. NEAR COURTS, JAGRAEN, PANJAB (INDIA) – PHONE 252
3. NEAR COURTS, PHAGWARA, PANJAB (INDIA) – PHONE 2021
4. BHAGAT SINGH CHOWK SADAR BAZZAR
BARNALA, PANJAB (INDIA)–PHONE 555





# GILL'S FURNITURE

## A Showroom of Bargains



**OPEN SUNDAY**
**NOON - 5 P.M.**

Drop in and join us for coffee

OPEN DAILY TILL 6 P.M.
THUR. & FRI. Till 9 P.M.

**4 Piece Living Room Group**

- Sofa
- Love Seat
- Chair
- Ottoman
- Choice of 3 Colors

*Our Price* **$488**

(one week only)

**GILL'S**

FURNITURE — APPLIANCES
CARPET — DRAPES
COLOR T.V.s — ETC.
Lots of Free Parking in Rear

4678 Main St. at 30th Ave. 872-8478

---

*Your Satisfaction Is Our Pleasure*

# PAMELA INTERNATIONAL TRAVEL

4877 MAIN STREET, VANCOUVER, B.C.     PHONE: 876-2248

SERVING YOU AT DIFFERENT LOCATIONS:

*DELHI, BANGKOK, HONG KONG & LOS ANGELES*

SPECIALIZE IN FARES TO

INDIA, LONDON, HONG KONG, TOKYO, FIJI, SINGAPORE, BANGKOK

**SPECIAL EXCURSION FARES TO INDIA**

ਲੰਡਨ ਜਾਂ ਹਾਂਗਕਾਂਗ ਰਾਹੀਂ 4 ਮਹੀਨੇ ਲਈ ਆਉਣ ਜਾਣ ਦਾ ਸਪੈਸ਼ਲ ਕਿਰਾਇਆ; ਫ਼ੋਨ ਕਰੋ!

**FOR ALL YOUR TRAVEL NEEDS**

**CONTACT**

**PAMTRAVEL — 876-2248**

ਕੈਨੇਡਾ ਦੇ ਪ੍ਰਸਿੱਧ ਅੰਗ੍ਰੇਜ਼ੀ ਮੈਗਜ਼ੀਨ

# Contemporary Literature in Translation

# ਦਾ ਪੰਜਾਬੀ ਅੰਕ

CONTEMPORARY LITERATURE IN TRANSLATION ਬੀ.ਸੀ. ਵਿੱਚੋਂ ਛਪਣ ਵਾਲਾ ਕੈਨੇਡਾ ਦਾ ਪ੍ਰਭਾਵਸ਼ਾਲੀ ਮੈਗਜ਼ੀਨ ਹੈ ਜਿਸ ਵਿਚ ਵਿਸ਼ਵ ਦੀਆਂ ਵੱਖ ਵੱਖ ਜ਼ੁਬਾਨਾਂ ਦਾ ਸਾਹਿਤ ਅੰਗ੍ਰੇਜ਼ੀ ਅਨੁਵਾਦ ਰਾਹੀਂ ਪੇਸ਼ ਕੀਤਾ ਜਾਂਦਾ ਹੈ। ਹੁਣ ਤੱਕ ਫ੍ਰੈਂਚ, ਅਰੈਬਿਕ, ਚੀਨੀ, ਟਰਕਿਸ਼ ਤੇ ਹੋਰ ਕਿੰਨੀਆਂ ਹੀ ਜ਼ੁਬਾਨਾਂ ਦੇ ਵਿਸ਼ੇਸ਼ ਅੰਕ ਪ੍ਰਕਾਸ਼ਿਤ ਹੋ ਚੁੱਕੇ ਹਨ।

ਪੰਜਾਬੀ ਬੋਲੀ ਤੇ ਪੰਜਾਬੀ ਸਾਹਿਤ ਦੇ ਸਨੇਹੀਆਂ ਨੂੰ ਇਹ ਜਾਣਕੇ ਖ਼ੁਸ਼ੀ ਹੋਵੇਗੀ ਕਿ ਮੈਗਜ਼ੀਨ ਦੇ ਐਡੀਟੋਰੀਅਲ ਬੋਰਡ ਨੇ ਮਾਰਚ 1977 ਵਿੱਚ ਮੈਗਜ਼ੀਨ ਦਾ 'ਪੰਜਾਬੀ ਅੰਕ' ਕੱਢਣ ਦਾ ਫ਼ੈਸਲਾ ਕੀਤਾ ਹੈ; ਜਿਸ ਵਿੱਚ ਪੰਜਾਬੀ ਦੇ ਸਾਹਿਤ ਅਕਾਦਮੀ ਪੁਰਸਕਾਰ ਵਿਜੇਤਾ ਪ੍ਰੋ: ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਹਰਿਭਜਨ ਸਿੰਘ, ਗੁਰਦਿਆਲ ਸਿੰਘ, ਕਰਤਾਰ ਸਿੰਘ ਦੁੱਗਲ ਤੇ ਸ਼ਿਵ ਕੁਮਾਰ ਤੋਂ ਇਲਾਵਾ ਭਾਰਤ ਤੇ ਵਿਦੇਸ਼ ਵਿੱਚ ਰਹਿੰਦੇ ਹੋਏ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਸ਼ਾਮਲ ਹੋਣਗੀਆਂ। ਇਹ ਪਹਿਲਾ ਮੌਕਾ ਹੈ ਕਿ ਕੈਨੇਡਾ ਦੇ ਕਿਸੇ ਸਥਾਪਿਤ ਅੰਗ੍ਰੇਜ਼ੀ ਮੈਗਜ਼ੀਨ ਦੇ ਪੂਰੇ ਅੰਕ ਵਿੱਚ ਪੰਜਾਬੀ ਸਾਹਿਤ ਪੇਸ਼ ਕੀਤਾ ਗਿਆ ਹੈ।

ਇਸ ਅੰਕ ਦੀਆਂ ਕਾਪੀਆਂ ਲਈ ਹੇਠ ਲਿਖੇ ਪਤਿਆਂ ਤੇ ਲਿਖੋ ਜਾਂ ਫ਼ੋਨ ਕਰੋ:


**ANDREAS SHRÖEDER**
(President, The Writers' Union of Canada)
Editor, CLIT
P.O. Box 3127
Mission, B.C., Canada V2V 4J3
(416) 961-7373 (Toronto)
or 826-3714 (Mission)

**SURJEET KALSEY**
Guest Editor
5346 Cecil Street
Vancouver, B.C. V5R 4E5
438-7793

**HARDEV**
Artist
210 Prescott Avenue
Toronto, Ontario, Canada
(416) 654-1341


---


WATNO DUR (Far from the Motherland) is a literary and cultural monthly of PANJABI language — the mother-tongue of East Panjab (India) and West Panjab (Pakistan) — published by WATNO DUR PUBLICATIONS (Reg'd). WATNO DUR has been serving Canadian readers since July, 1973. The contributors include well-known Panjabi writers from Canada, India, Pakistan and England.